MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St., Vancouver

ਕੈਨੇਡਾ
# ਪੰਜਾਬ ਲਿੰਕ
52 YEARS OF EXCELLENCE
THE LINK GROUP
WEEKLY NEWSPAPER
VOL. : 12 ISSUE : 07 SATURDAY, 17 February, 2024
www.punjablinkpaper.com 604-503-5465

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

## ਪ੍ਰਧਾਨ ਮੰਤਰੀ ਦੇ ਭ੍ਰਿਸ਼ਟਾਚਾਰ ਲਈ ਕਿਸੇ ਹੋਰ ਮੰਤਰੀ ਦੀ ਬਲੀ ਲਈ ਜਾ ਸਕਦੀ-ਹੱਲਣ



ਓਟਵਾ-ਕੰਸਰਵੇਟਿਵ ਐਮਪੀ ਜਸਰਾਜ ਹੱਲਣ ਨੇ ਹਾਊਸ ਆਫ ਕਾਮਨਜ਼ ਵਿਚ ਸਪੀਕਰ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਡੀਟਰ ਜਨਰਲ ਨੇ ਪਾਇਆ ਕਿ ਅਰਾਈਵਕੈਨ ਐਪ ਐਨਡੀਪੀ-ਲਿਬਰਲ ਸਰਕਾਰ ਦਾ ਹੁਣ ਤਕ ਸਭ ਤੋਂ ਭੈੜਾ ਕੁਪ੍ਰਬੰਧ ਸੀ। 80000 ਡਾਲਰ ਦੀ ਐਪ 60 ਮਿਲੀਅਨ ਡਾਲਰ ਦਾ ਘੁਟਾਲਾ ਬਣ ਗਈ। ਪ੍ਰਧਾਨ ਮੰਤਰੀ ਦੇ ਗੁੰਝਲਦਾਰ ਭ੍ਰਿਸ਼ਟਾਚਾਰ ਕਾਰਨ ਇਸ ਦੀ ਅਸਲ ਕੀਮਤ ਦਾ ਪਤਾ ਲਗਾਉਣਾ ਅਸੰਭਵ ਹੈ। ਘੱਟੋ ਘੱਟ 12 ਮਿਲੀਅਨ ਡਾਲਰ ਲਿਬਰਲ ਦੇ ਅੰਦਰੂਨੀ ਲੋਕਾਂ ਨੂੰ ਮਿਲੇ ਜਿਨ੍ਹਾਂ ਨੇ ਕੋਈ ਕੰਮ ਨਹੀਂ ਕੀਤਾ। ਪ੍ਰਧਾਨ ਮੰਤਰੀ ਲਗਾਤਾਰ ਇਹ ਦਰਸਾ ਰਹੇ ਹਨ ਕਿ ਉਨ੍ਹਾਂ ਅਤੇ ਉਨ੍ਹਾਂ ਦੀ ਅਰਾਈਵ ਘੁਟਾਲਾ ਐਪ ਲਈ ਲਾਗਤ ਜਾਂ ਭ੍ਰਿਸ਼ਟਾਚਾਰ ਦੀ ਕੋਈ ਅਹਿਮੀਅਤ ਨਹੀਂ। ਐਸਐਨਸੀ-ਲੈਵਲਿਨ ਘੁਟਾਲਾ ਵਿਚ ਮਜ਼ਬੂਤ ਔਰਤਾਂ ਨੂੰ ਪ੍ਰਧਾਨ ਮੰਤਰੀ ਦੇ ਭ੍ਰਿਸ਼ਟਾਚਾਰ ਖਿਲਾਫ ਖੜਨ ਲਈ ਕੌਕਸ ਵਿਚੋਂ ਬਾਹਰ ਕੱਢਿਆ ਗਿਆ। ਵੀ ਘੁਟਾਲੇ ਵਿਚ ਪ੍ਰਧਾਨ ਮੰਤਰੀ ਦੇ ਪਰਿਵਾਰ ਦੇ ਭੁਗਤਾਨ ਲਈ ਇਕ ਹੋਰ ਮੰਤਰੀ ਲਾਂਭੇ ਕਰ ਦਿੱਤਾ ਗਿਆ। ਹੁਣ ਜਦੋਂ ਆਰਸੀਐਮਪੀ ਅਪਰਾਧਿਕ ਜਾਂਚ ਕਰ ਰਹੀ ਹੈ ਤਾਂ ਪ੍ਰਧਾਨ ਮੰਤਰੀ ਦੇ ਅਪਰਾਧ, ਅਫਰਾ-ਤਫਰੀ ਅਤੇ ਭ੍ਰਿਸ਼ਟਾਚਾਰ ਨੂੰ ਲੁਕਾਉਣ ਲਈ ਇਕ ਹੋਰ ਕੈਬਨਿਟ ਮੰਤਰੀ ਦੀ ਬਲੀ ਲਈ ਜਾ ਸਕਦੀ ਹੈ। ਅੱਠ ਸਾਲ ਬਾਅਦ ਕੈਨੇਡੀਅਨ ਇਸ ਮਹਿੰਗੇ ਭ੍ਰਿਸ਼ਟ ਪ੍ਰਧਾਨ ਮੰਤਰੀ ਨੂੰ ਹੋਰ ਬਰਦਾਸ਼ਤ ਨਹੀਂ ਕਰ ਸਕਦੇ।

# ਪੌਲੀਵਰ ਵਲੋਂ ਫਿਰੌਤੀ ਨਾਲ ਸੰਬੰਧਿਤ ਜ਼ੁਰਮਾਂ ਵਿਚ ਲਾਜ਼ਮੀ ਸਜ਼ਾ ਦੀਆਂ ਸ਼ਰਤਾਂ ਦਾ ਪ੍ਰਸਤਾਵ

ਸਰੀ-ਪੀਅਰ ਪੋਲੀਵਰ ਦਾ ਕਹਿਣਾ ਕਿ ਕੰਸਰਵੇਟਿਵ ਸਰਕਾਰ ਫਿਰੌਤੀ ਦੇ ਮਾਮਲਿਆਂ ਵਿਚ ਦੋਸ਼ੀ ਕਰਾਰ ਦਿੱਤੇ ਗਏ ਵਿਅਕਤੀ ਲਈ ਘੱਟੋ ਘੱਟ ਲਾਜ਼ਮੀ ਕੈਦ ਦੀ ਸਜ਼ਾ ਦਾ ਪ੍ਰਬੰਧ ਕਰੇਗੀ। ਵਿਰੋਧੀ ਧਿਰ ਦੇ ਨੇਤਾ ਨੇ ਕਿਹਾ ਕਿ ਫਿਰੌਤੀ ਨਾਲ ਸਬੰਧਤ ਅਪਰਾਧ ਬਹੁਤ ਜ਼ਿਆਦਾ ਵੱਧ ਗਏ ਹਨ ਅੇਤੇ ਕਈ ਸੂਬਿਆਂ ਵਿਚ ਪੁਲਿਸ ਸੰਗਠਿਤ ਅਪਰਾਧ ਦੇ ਖ਼ਤਰਿਆਂ ਨਾਲ ਨਜਿੱਠ ਰਹੀ ਹੈ। ਪੋਲੀਵਰ ਨੇ ਇਹ ਟਿੱਪਣੀਆਂ ਬੀਸੀ ਦੇ ਸਰੀ ਸ਼ਹਿਰ ਦੇ ਇਕ ਵਪਾਰਕ ਕੇਂਦਰ ਵਿਖੇ ਕੀਤੀਆਂ ਜਿਥੇ ਪੁਲਿਸ ਨੇ ਦੱਸਿਆ ਕਿ ਪਿਛਲੇ ਸਾਲ ਨਵੰਬਰ ਵਿਚ ਇਕ ਕਾਰੋਬਾਰ 'ਤੇ ਗੋਲੀਆਂ ਚਲਾਈਆਂ ਗਈਆਂ ਸਨ। ਉਨ੍ਹਾਂ ਕਿਹਾ ਕਿ ਸਰੀ ਵਰਗੀਆਂ ਕਮਿਊਨਿਟੀਜ਼ ਵਿਚ ਛੋਟੇ ਕਾਰੋਬਾਰਾਂ ਨੂੰ ਹਿੰਸਾ, ਅਗਵਾ, ਅਗਜ਼ਨੀ ਅਤੇ ਗੋਲੀਬਾਰੀ ਦੇ ਵਧ ਰਹੇ ਖਤਰਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵਿਰੋਧੀ ਧਿਰ ਦੇ ਨੇਤਾ ਨੇ ਲਿਬਰਲ ਸਰਕਾਰ ਵਲੋਂ 2022 ਵਿਚ ਅਪਰਾਧਿਕ ਕੋਡ ਵਿਚ ਕੀਤੀਆਂ ਸੋਧਾਂ ਦਾ ਜ਼ਿਕਰ ਕੀਤਾ ਜਿਸ ਨੇ ਵੱਖ ਵੱਖ ਜ਼ੁਰਮਾਂ ਵਿਚ ਘੱਟੋ ਘੱਟ ਲਾਜ਼ਮੀ ਸਜ਼ਾਵਾਂ ਨੂੰ ਰੱਦ ਕਰ ਦਿੱਤਾ ਗਿਆ ਸੀ ਜਿਸ ਵਿਚ ਅਗਨੀ ਸ਼ਾਸਤਰ ਨਾਲ ਲੁੱਟ ਖੋਹ ਲਈ ਘੱਟੋ ਘੱਟ ਚਾਰ ਸਾਲ ਦੀ ਸਜ਼ਾ ਦੀ ਵਿਵਸਥਾ ਸੀ। ਪੋਲੀਵਰ ਨੇ ਦੱਸਿਆ ਕਿ ਕੰਸਰਵੇਟਿਵ ਫਿਰੌਤੀ ਲਈ ਦੋਸ਼ੀ ਕਰਾਰ ਦਿੱਤੇ ਗਏ ਕਿਸੇ ਵੀ ਵਿਅਕਤੀ ਲਈ ਘੱਟੋ ਘੱਟ ਤਿੰਨ ਸਾਲ ਦੀ ਸਜ਼ਾ ਲਾਜ਼ਮੀ ਕਰੇਗੀ ਅਤੇ ਕਿਸੇ ਗ੍ਰੋਹ ਜਾਂ ਸੰਗਠਿਤ ਅਪਰਾਧ ਦੀ ਤਰਫੋਂ ਕੰਮ ਕਰਦੇ ਪਾਏ ਗਏ ਵਿਅਕਤੀ ਲਈ ਪੰਜ ਸਾਲ ਦੀ ਸਜ਼ਾ ਦਾ ਪ੍ਰਬੰਧ ਕੀਤਾ ਜਾਵੇਗਾ। ਉਨ੍ਹਾਂ ਨੇ ਇਹ ਟਿਪਣੀਆਂ ਫਿਰੌਤੀ ਲਈ ਦਿੱਤੀਆਂ ਜਾ ਰਹੀਆਂ ਧਮਕੀਆਂ, ਗੋਲੀਬਾਰੀ ਅਤੇ ਅਗਜ਼ਨੀ ਦੀਆਂ ਘਟਨਾਵਾਂ ਦਰਮਿਆਨ ਕੀਤੀਆਂ ਹਨ ਅਤੇ ਤਿੰਨ ਸੂਬਿਆਂ ਵਿਚ ਪੁਲਿਸ ਨੇ ਦੱਸਿਆ ਕਿ ਮੁੱਖ ਰੂਪ ਵਿਚ ਦੱਖਣੀ ਏਸ਼ੀਅਨ ਮਾਲਕੀ ਵਾਲੇ ਕਾਰੋਬਾਰਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਪੋਲੀਵਰ ਨੇ ਕਿਹਾ ਕਿ ਕੈਨੇਡਾ ਨੂੰ ਉਨ੍ਹਾਂ ਗ੍ਰੋਹਾਂ ਖਿਲਾਫ ਸਖਤ ਕਾਰਵਾਈ ਕਰਨ ਦੀ ਲੋੜ ਹੈ ਜਿਹੜੇ ਕਮਜ਼ੋਰ ਨੌਜਵਾਨਾਂ ਨੂੰ ਨਿਸ਼ਾਨਾ ਬਣਾਉਂਦੇ ਹਨ ਜਿਨ੍ਹਾਂ ਦੇ ਮਾਪੇ ਬਹੁਤ ਜ਼ਿਆਦਾ ਤਣਾਅ ਵਿਚ ਹਨ ਕਿਉਂਕਿ ਉਨ੍ਹਾਂ ਦੇ ਮਾਪੇ ਉਨ੍ਹਾਂ ਲਈ ਹੋਰ ਜ਼ਿਆਦਾ ਰੋਟੀ ਪਾਣੀ ਦਾ ਪ੍ਰਬੰਧ ਨਹੀਂ ਕਰ ਸਕਦੇ। ਉਨ੍ਹਾਂ ਦੱਸਿਆ ਕਿ ਰਹਿਣ ਸਹਿਣ ਦਾ ਖਰਚ ਵਧ ਗਿਆ ਹੈ ਅਤੇ ਮਾਪਿਆਂ ਨੂੰ ਕਈ ਕਈ ਨੌਕਰੀਆਂ ਕਰਨੀਆਂ ਪੈਂਦੀਆਂ ਹਨ।



For All Kind of Real Estate Needs
ਕਾਬਲੀਅਤ, ਤਜੁਰਬਾ ਅਤੇ ਸਮਜਦਾਰੀ...
ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
* Stats from Fraser Valley Board 2020-2021
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੋਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
5 Hour Service Available
Sher Singh Grewal
604-749-1955

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Keep Smiling Denture Clinic
- Complete Denture
- Implant Denture
- Partial Denture
Care Home Mobile Service | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ
ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
SEMCD CERTIFIED CLINICIAN
ਜੇ ਤੁਹਾਡੇ ਇੱਕ, ਇੱਕ ਤੋ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।
Gagan Chahal R.D.
Registered Denturist
Book Your Appointment
778-600-0811 13117-67A Ave, Surrey, BC
778-600-0810 2644 Cyril St Abbotsford BC

MORTGAGE SPECIALIST!
Residential Construction, Commercial and Private Mortgages
- Pre - Approval available in 24 Hours
- rate hold - 120 days
- Bad credit also welcome
ad AMANDEEP DUGGAL
MORTGAGE BROKER
A Better Way
604-368 -2030
604-227-9694
# 102-6321 King George Blvd, Surrey

TRANSource FREIGHTWAYS
ਕੰਮ ਲਈ Drivers and Owner Operators ਚਾਹੀਦੇ ਹਨ।
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
ਟਰਾਂਸ ਸੋਰਸ ਨਾਲ ਸਾਰਾ ਦਿਨ ਕੰਮ ਕਰਕੇ ਤੁਸੀਂ ਸ਼ਾਮ ਨੂੰ ਆਪਣੇ ਪਰਿਵਾਰ ਅਤੇ ਬਚਿਆਂ ਨਾਲ ਕੀਮਤੀ ਸਮਾਂ ਬਿਤਾ ਸਕਦੇ ਹੋ।
BC - ALBERTA
ALBERTA - BC
Fuel and Insurance Paid by Company
NO DEDUCTIONS!!
ਸਾਡੀ ਕੰਪਨੀ ਓਨਰ ਓਪਰੇਟਰਾਂ ਨੂੰ ਲੋਕਲ ਅਤੇ ਹਾਈਵੇਅ ਰੂਟਾਂ ਵਾਸਤੇ ਹਾਇਰ ਕਰ ਰਹੀ ਹੈ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
SUKHBIR SINGH:604-525-0527 Ext 112
ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ
ਸ਼ਨੀਵਾਰ: 604-808-9805
Email:safety@transourcefreightways.com

mortgages lab
ਕਿਸੇ ਵੀ ਤਰ੍ਹਾਂ ਦੀ ਮੌਰਗੇਜ ਲੈਣ ਲਈ ਸੰਪਰਕ ਕਰੋ
- ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
- ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
- ਰੈਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੌਰਗੇਜ
Rate hold from 6 months to 1 year
HARPREET SINGH
Mortgage Broker
Ph: 778.558.9745
harpreetfunding@gmail.com
@harpreetfunding
Get Preapproval In 2 Hours
@HARPREETFUNDING
Licensed professional mortgage broker

APNA DENTAL CENTRE
UNIT 306-A, 8035 120 STREET
DELTA, BC V4C 6P8
Dr. Pran Nath Vashisht
(Dentist)
TEL: 778-592-4400
apnadental.delta@gmail.com

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ
ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002


FRASERVIEW
BANQUET HALL
presents
the Views
dosa hub
FUSION OF FLAVOURS
IN OUR EVERY BITE
LUNCH SPECIALS
11 AM - 3 PM
HAPPY HOURS
4 PM - 6 PM
8248, Fraser Street
236-455-5848
viewsdosahub.com

ACCOUNTANT
axioaccounting.com
Personal & Corporate Tax Filing and other related services.
ਹਰ ਤਰ੍ਹਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
ਪੰਜਾਬ ਲਿੰਕ
52 YEARS OF EXCELLENCE – THE LINK GROUP
WEEKLY NEWSPAPER
VOL. : 12 ISSUE : 07 SATURDAY, 17 February, 2024
www.punjablinkpaper.com 604-503-5465

ਰੇਡੀਓ ਪੰਜਾਬ ਹੁਣ AM 1600 ਅਤੇ 105.3 FM 'ਤੇ
Radio Punjab
ਤਿੰਨ ਰੰਗ
6pm to 9pm
B.C. Time
Every Weekend
Amarjit Singh
Studio: #300 12960 84AVE Surrey
Ph: 604 335 1313
www.radiopunjab.ca

# ਦਿੱਲੀ ਕੂਚ ਦੇ ਸੱਦੇ ਨਾਲ ਕਿਸਾਨ ਅੰਦੋਲਨ ਦੀ ਮੁੜ ਗੂੰਜ

ਸ਼ੰਭੂ ਬਾਰਡਰ -ਨਵੰਬਰ 2021 ਵਿਚ ਤਿੰਨ ਖੇਤੀ ਕਨੂੰਨ ਰੱਦ ਕੀਤੇ ਜਾਣ ਉਪਰੰਤ ਮੁਲਤਵੀ ਕੀਤਾ ਗਿਆ ਕਿਸਾਨ ਅੰਦੋਲਨ ਦਿੱਲੀ ਕੂਚ ਦੇ ਸੱਦੇ ਨਾਲ ਮੁੜ ਸ਼ੁਰੂ ਹੋ ਗਿਆ ਹੈ। ਕਿਸਾਨ ਜਥੇਬੰਦੀਆਂ ਵਲੋਂ ਮੋਦੀ ਸਰਕਾਰ ਵਲੋਂ ਆਪਣੇ ਵਾਅਦੇ ਪੂਰੇ ਨਾ ਕਰਨ ਅਤੇ ਲਟਕ ਰਹੀਆਂ ਮੰਗਾਂ ਨੂੰ ਮਨਵਾਉਣ ਲਈ 13 ਫਰਵਰੀ ਨੂੰ ਦਿੱਲੀ ਕੂਚ ਦਾ ਸੱਦਾ ਦਿੱਤਾ ਗਿਆ ਹੈ। ਹਰਿਆਣਾ ਸਰਕਾਰ ਵਲੋਂ ਸ਼ੰਭੂ ਬਾਰਡਰ ਤੇ ਕਿਸਾਨਾਂ ਨੂੰ ਰੋਕਣ ਲਈ ਕੀਤੀਆਂ ਪੇਸ਼ਬੰਦੀਆਂ ਦੌਰਾਨ ਕਿਸਾਨਾਂ ਤੇ ਪੁਲਿਸ ਵਿਚਾਲੇ ਭਾਰੀ ਝੜਪਾਂ ਹੋਈਆਂ ਜਿਸ ਦੌਰਾਨ 60 ਦੇ ਕਰੀਬ ਕਿਸਾਨ ਅਤੇ ਦੋ ਦਰਜਨ ਤੋਂ ਉਪਰ ਪੁਲਿਸ ਜਵਾਨਾਂ ਦੇ ਜਖਮੀ ਹੋਣ ਦੀ ਖਬਰ ਹੈ। ਇਸੇ ਦੌਰਾਨ ਦੇਸ਼ ਦੀ ਮੁੱਖ ਵਿਰੋਧੀ ਪਾਰਟੀ ਕਾਂਗਰਸ ਨੇ ਕਿਸਾਨ ਅੰਦੋਲਨ ਦਾ ਸਮਰਥਨ ਕਰਦਿਆਂ ਰਾਹੁਲ ਗਾਂਧੀ ਵਲੋਂ ਸ਼ੁਰੂ ਕੀਤੀ ਆਪਣੀ ਭਾਰਤ ਜੋੜੋ ਯਾਤਰਾ ਰੱਦ ਕਰ ਦਿੱਤੀ ਹੈ। ਪੰਜਾਬ ਵਿਚ ਵੀ ਅਕਾਲੀ ਦਲ ਵਲੋਂ ਪੰਜਾਬ ਬਚਾਓ ਯਾਤਰਾ ਰੱਦ ਕਰਨ ਦਾ ਐਲਾਨ ਕੀਤਾ ਗਿਆ ਹੈ। ਖਬਰ ਹੈ ਕਿ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਲੋਕ ਸਭਾ ਚੋਣਾਂ ਲਈ ਭਾਜਪਾ ਨਾਲ ਗਠਜੋੜ ਕਰਨ ਸਬੰਧੀ ਚੱਲ ਰਹੀ ਗੱਲਬਾਤ ਨੂੰ ਵੀ ਬਰੇਕਾਂ ਲਗਾ ਦਿੱਤੀਆਂ ਹਨ। 2024 ਦੀਆਂ ਲੋਕ ਸਭਾ ਚੋਣਾਂ ਨੂੰ ਧਿਆਨ ਵਿਚ ਰੱਖਦਿਆਂ ਭਾਜਪਾ ਵਿਰੋਧੀ ਸਿਆਸੀ ਪਾਰਟੀਆਂ ਕਿਸਾਨ ਜਥੇਬੰਦੀਆਂ ਦੇ ਸਮਰਥਨ ਵਿਚ ਆਉਂਦੀਆਂ ਦਿਖਾਈ ਦੇ ਰਹੀਆਂ ਹਨ। ਪੰਜਾਬ ਅਤੇ ਹਰਿਆਣਾ ਦੀਆਂ ਸਰਹੱਦਾਂ 'ਤੇ ਅੱਜ 'ਦਿੱਲੀ ਕੂਚ' ਪ੍ਰੋਗਰਾਮ ਦੇ ਪਹਿਲੇ ਦਿਨ ਮਾਹੌਲ ਪੂਰੀ ਤਰ੍ਹਾਂ ਤਣਾਅਪੂਰਨ ਅਤੇ ਟਕਰਾਅ ਵਾਲਾ ਬਣਿਆ ਰਿਹਾ। ਹਰਿਆਣਾ ਪੁਲੀਸ ਨੇ ਹੰਝੂ ਗੈਸ ਦੇ ਇੰਨੇ ਗੋਲੇ ਬਰਸਾਏ ਕਿ ਪੰਜਾਬ-ਹਰਿਆਣਾ ਸਰਹੱਦ 'ਤੇ ਪੂਰਾ ਦਿਨ ਧੂੰਏਂ ਦਾ ਗੁਬਾਰ ਛਾਇਆ ਰਿਹਾ। ਸ਼ੰਭੂ ਅਤੇ ਖਨੌਰੀ ਬਾਰਡਰਾਂ 'ਤੇ ਪੁਲੀਸ ਨੇ ਉਸ ਵਕਤ ਕਿਸਾਨਾਂ 'ਤੇ ਅੱਥਰੂ ਗੈਸ ਦੇ ਗੋਲੇ ਦਾਗੇ ਜਦੋਂ ਉਹ ਦਿੱਲੀ ਵੱਲ ਵਧਣ ਦੀ ਕੋਸ਼ਿਸ਼ ਕਰ ਰਹੇ ਸਨ। ਦੋਵੇਂ ਬਾਰਡਰਾਂ 'ਤੇ ਕਿਸਾਨਾਂ ਨੂੰ ਪਾਣੀ ਦੀਆਂ ਬੁਛਾੜਾਂ ਤੇ ਰਬੜ ਦੀਆਂ ਗੋਲੀਆਂ ਵੀ ਝੱਲਣੀਆਂ ਪਈਆਂ ਤੇ ਖਨੌਰੀ ਸੀਮਾ 'ਤੇ ਹਰਿਆਣਾ ਪੁਲੀਸ ਨਾਲ ਝੜਪਾਂ ਵੀ ਹੋਈਆਂ। ਇਨ੍ਹਾਂ ਝੜਪਾਂ ਵਿੱਚ ਸੌ ਦੇ ਕਰੀਬ ਵਿਅਕਤੀ ਜ਼ਖ਼ਮੀ ਹੋ ਗਏ ਜਿਨ੍ਹਾਂ 'ਚ 60 ਕਿਸਾਨ ਤੇ 24 ਦੇ ਕਰੀਬ ਪੁਲੀਸ ਮੁਲਾਜ਼ਮ ਦੱਸੇ ਜਾਂਦੇ ਹਨ। ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਅਤੇ ਸਰਵਨ ਸਿੰਘ ਪੰਧੇਰ ਨੇ ਸ਼ੰਭੂ ਸੀਮਾ 'ਤੇ ਕਿਸਾਨਾਂ ਦੀ ਅਗਵਾਈ ਕੀਤੀ।



## ਜ਼ਖ਼ਮੀ ਕਿਸਾਨਾਂ ਦਾ ਇਲਾਜ ਕਰਵਾਏਗੀ ਪੰਜਾਬ ਸਰਕਾਰ

ਪਟਿਆਲਾ-ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਮੀਡੀਆ ਨਾਲ ਗੱਲ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਨਾਲ ਖੜ੍ਹੀ ਹੈ ਅਤੇ ਅੰਦੋਲਨ ਦੌਰਾਨ ਜ਼ਖ਼ਮੀ ਹੋਏ ਵਿਅਕਤੀਆਂ ਦੇ ਇਲਾਜ ਦਾ ਸਾਰਾ ਖਰਚਾ ਸੂਬਾ ਸਰਕਾਰ ਵੱਲੋਂ ਕੀਤਾ ਜਾਵੇਗਾ। ਸਿਹਤ ਮੰਤਰੀ ਅੱਜ ਡਾ. ਬੀਆਰ ਅੰਬੇਦਕਰ ਸਟੇਟ ਇੰਸਟੀਚਿਊਟ ਫਾਰ ਮੈਡੀਕਲ ਸਾਇੰਸਿਜ਼ (ਸਰਕਾਰੀ ਮੈਡੀਕਲ ਕਾਲਜ) ਫੇਜ਼-6 ਵਿੱਚ ਜ਼ਖ਼ਮੀ ਕਿਸਾਨਾਂ, ਮੀਡੀਆ ਕਰਮੀਆਂ ਅਤੇ ਪੁਲੀਸ ਜਵਾਨਾਂ ਦਾ ਹਾਲ ਜਾਣਨ ਲਈ ਪਹੁੰਚੇ ਸਨ। ਬੀਤੇ ਦਿਨੀਂ ਹਰਿਆਣਾ ਸਰਕਾਰ ਵੱਲੋਂ ਕੀਤੀ ਗਈ ਕਾਰਵਾਈ ਮਗਰੋਂ ਵੱਡੀ ਗਿਣਤੀ ਕਿਸਾਨ, ਮੀਡੀਆ ਕਰਮੀ ਤੇ ਪੁਲੀਸ ਮੁਲਾਜ਼ਮ ਜ਼ਖ਼ਮੀ ਹੋਏ ਸਨ ਜਿਨ੍ਹਾਂ ਨੂੰ ਵੱਖ ਵੱਖ ਹਸਪਤਾਲਾਂ ਵਿੱਚ ਦਾਖਲ ਕਰਵਾਇਆ ਗਿਆ ਹੈ। ਸਿਹਤ ਮੰਤਰੀ ਨੇ ਇਸ ਦੌਰਾਨ ਏਮਜ਼ ਹਸਪਤਾਲ ਮੁਹਾਲੀ ਦੇ ਐਮਰਜੈਂਸੀ ਕੇਅਰ ਯੂਨਿਟ ਵਿੱਚ ਦਿੱਤੀਆਂ ਜਾ ਰਹੀਆਂ ਸਿਹਤ ਸਹੂਲਤਾਂ ਦਾ ਵੀ ਜਾਇਜ਼ਾ ਲਿਆ ਅਤੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜ਼ਖ਼ਮੀਆਂ ਨੂੰ ਸਾਰੀਆਂ ਸਹੂਲਤਾਂ ਦਿੱਤੀਆਂ ਜਾਣ।

## ਦਿੱਲੀ ਦੀ ਕਿਲਾਬੰਦੀ, ਸਿੰਘੂ ਤੇ ਟਿੱਕਰੀ ਸਰਹੱਦਾਂ 'ਤੇ ਆਵਾਜਾਈ ਰੋਕੀ

ਨਵੀਂ ਦਿੱਲੀ-ਪ੍ਰਦਰਸ਼ਨਕਾਰੀ ਕਿਸਾਨਾਂ ਵੱਲੋਂ ਕੌਮੀ ਰਾਜਧਾਨੀ ਵੱਲ ਮਾਰਚ ਕਰਨ ਦੇ ਦਿੱਤੇ ਸੱਦੇ ਦੇ ਮੱਦੇਨਜ਼ਰ ਇੱਥੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ ਅਤੇ ਕੇਂਦਰੀ ਦਿੱਲੀ ਅਤੇ ਹਰਿਆਣਾ ਨਾਲ ਲੱਗਦੀਆਂ ਸਰਹੱਦਾਂ 'ਤੇ ਵੱਡੀ ਗਿਣਤੀ ਵਿੱਚ ਸੁਰੱਖਿਆ ਮੁਲਾਜ਼ਮ ਤਾਇਨਾਤ ਕੀਤੇ ਗਏ ਹਨ। ਬੈਰੀਕੇਡ ਲਗਾਏ ਗਏ ਹਨ, ਜਿਸ ਕਾਰਨ ਯਾਤਰੀਆਂ ਨੂੰ ਕਾਫੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਿੰਘੂ (ਦਿੱਲੀ-ਸੋਨੀਪਤ) ਅਤੇ ਟਿੱਕਰੀ ਸਰਹੱਦ (ਦਿੱਲੀ-ਬਹਾਦੁਰਗੜ੍ਹ) 'ਤੇ ਆਵਾਜਾਈ ਰੋਕ ਦਿੱਤੀ ਗਈ ਹੈ। ਸੁਰੱਖਿਆ ਕਰਮਚਾਰੀ ਦੰਗਾ ਵਿਰੋਧੀ ਉਪਕਰਨਾਂ ਨਾਲ ਤਾਇਨਾਤ ਹਨ ਅਤੇ ਸਥਿਤੀ 'ਤੇ ਨਜ਼ਰ ਰੱਖਣ ਲਈ ਡਰੋਨ ਦੀ ਵਰਤੋਂ ਕੀਤੀ ਜਾ ਰਹੀ ਹੈ। ਸਿੰਘੂ, ਟਿੱਕਰੀ ਅਤੇ ਗਾਜ਼ੀਪੁਰ ਸਰਹੱਦਾਂ 'ਤੇ ਕਈ ਪੜਾਵਾਂ 'ਚ ਬੈਰੀਕੇਡ, ਕੰਕਰੀਟ ਬੈਰੀਅਰ, ਲੋਹੇ ਦੀਆਂ ਮੇਖਾਂ ਅਤੇ ਕੰਟੇਨਰ ਲਗਾਏ ਗਏ ਹਨ।

## ਸ਼ੰਭੂ ਤੇ ਖਨੌਰੀ ਹੱਦਾਂ 'ਤੇ ਸਥਿਤੀ ਤਣਾਅਪੂਰਨ

ਸੰਗਰੂਰ/ਖਨੌਰੀ-ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤੀ) ਦੇ ਸੱਦੇ 'ਤੇ ਦਿੱਲੀ ਕੂਚ ਕਰਨ ਦੇ ਦੂਜੇ ਦਿਨ ਵੀ ਪੰਜਾਬ-ਹਰਿਆਣਾ ਦੇ ਖਨੌਰੀ ਅਤੇ ਸ਼ੰਭੂ ਬਾਰਡਰ 'ਤੇ ਬਾਅਦ ਦੁਪਹਿਰ ਹਰਿਆਣਾ ਪੁਲੀਸ ਤੇ ਕਿਸਾਨਾਂ ਵਿਚਕਾਰ ਝੜਪ ਹੋਈ। ਇਸ ਦੌਰਾਨ ਅੱਜ ਕਰੀਬ ਦਰਜਨ ਤੋਂ ਵੱਧ ਕਿਸਾਨ ਜ਼ਖ਼ਮੀ ਹੋਏ ਹਨ ਜਿਨ੍ਹਾਂ ਨੂੰ ਵੱਖ-ਵੱਖ ਹਸਪਤਾਲਾਂ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਗੰਭੀਰ ਜ਼ਖ਼ਮੀ ਤਿੰਨ ਕਿਸਾਨਾਂ ਨੂੰ ਪਟਿਆਲਾ ਰੈਫ਼ਰ ਕੀਤਾ ਗਿਆ ਹੈ। ਕਿਸਾਨਾਂ ਵੱਲੋਂ ਸਵੇਰੇ ਹਰਿਆਣਾ ਪੁਲੀਸ ਦੇ ਇੱਕ ਮੁਲਾਜ਼ਮ ਨੂੰ ਫੜ ਕੇ ਪੰਜਾਬ ਪੁਲੀਸ ਦੇ ਹਵਾਲੇ ਕਰ ਦਿੱਤਾ ਗਿਆ। ਅੱਜ ਦੂਜੇ ਦਿਨ ਪੰਜਾਬ ਤੋਂ ਕਿਸਾਨਾਂ ਦੇ ਹੋਰ ਕਾਫ਼ਲੇ ਖਨੌਰੀ ਬਾਰਡਰ 'ਤੇ ਪੁੱਜ ਗਏ ਸਨ। ਬਾਅਦ ਦੁਪਹਿਰ ਵੱਡੀ ਗਿਣਤੀ 'ਚ ਕਿਸਾਨ ਜਦੋਂ ਬਾਰਡਰ ਨੇੜੇ ਪੁੱਜੇ ਤਾਂ ਕਿਸਾਨਾਂ 'ਤੇ ਅੱਥਰੂ ਗੈਸ ਦੇ ਗੋਲੇ ਦਾਗੇ ਗਏ, ਪਾਣੀ ਦੀਆਂ ਬੁਛਾੜਾਂ ਮਾਰੀਆਂ ਤੇ ਰਬੜ ਦੀਆਂ ਗੋਲੀਆਂ ਚਲਾਈਆਂ ਗਈਆਂ।

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

Canadian Surrey Veggie pizza
100% ਵੈਜੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਵੈਨਕੂਵਰ ਵਿਚਾਰ ਮੰਚ ਦੇ ਲੇਖਕਾਂ ਨੇ ਉਸਤਾਦ ਸ਼ਾਇਰ ਦੀਪਕ ਜੈਤੋਈ ਨੂੰ ਯਾਦ ਕੀਤਾ


ਸਰੀ (ਹਰਦਮ ਮਾਨ)-ਵੈਨਕੂਵਰ ਵਿਚਾਰ ਮੰਚ ਵੱਲੋਂ ਬੀਤੇ ਦਿਨ ਪੰਜਾਬੀ ਦੇ ਉਸਤਾਦ ਸ਼ਾਇਰ ਦੀਪਕ ਜੈਤੋਈ ਦੀ ਬਰਸੀ ਦੇ ਮੌਕੇ ਯਾਦ ਕਰਦਿਆਂ ਉਨ੍ਹਾਂ ਨੂੰ ਨਿੱਘੀ ਸ਼ਰਧਾਂਜਲੀ ਭੇਂਟ ਕੀਤੀ ਗਈ। ਇਸ ਸੰਬੰਧ ਵਿਚ ਮੰਚ ਦੀ ਵਿਸ਼ੇਸ਼ ਮੀਟਿੰਗ ਮੰਚ ਦੇ ਸਰਪ੍ਰਸਤ ਤੇ ਉੱਘੇ ਨਾਵਲਕਾਰ ਜਰਨੈਲ ਸਿੰਘ ਸੇਖਾ ਦੀ ਪ੍ਰਧਾਨਗੀ ਹੇਠ ਜਰਨੈਲ ਆਰਟ ਗੈਲਰੀ ਸਰੀ ਵਿਖੇ ਹੋਈ। ਪੰਜਾਬੀ ਗ਼ਜ਼ਲ ਦੇ ਬਾਬਾ ਬੋਹੜ ਦੀਪਕ ਜੈਤੋਈ ਨੂੰ ਯਾਦ ਕਰਦਿਆਂ ਜਰਨੈਲ ਸਿੰਘ ਸੇਖਾ ਨੇ ਉਹਨਾਂ ਨਾਲ ਹੋਈਆਂ ਆਪਣੀਆਂ ਮੁਲਾਕਾਤਾਂ ਦਾ ਜ਼ਿਕਰ ਕੀਤਾ ਤੇ ਯਾਦਾਂ ਸਾਂਝੀਆਂ ਕੀਤੀਆਂ। ਉਹਨਾਂ ਦੀ ਉਸਤਾਦੀ ਦਾ ਨਿੱਘ ਮਾਨਣ ਵਾਲੇ ਜੈਤੋ ਦੇ ਸ਼ਾਇਰ ਹਰਦਮ ਸਿੰਘ ਮਾਨ ਨੇ ਉਸਤਾਦ ਸ਼ਾਇਰ ਨਾਲ ਬਿਤਾਏ ਦਿਨਾਂ ਨੂੰ ਯਾਦ ਕੀਤਾ। ਉਸ ਨੇ ਦੀਪਕ ਜੈਤੋਈ ਸਾਹਿਬ ਦੀ ਸਾਦਗੀ ਅਤੇ ਫੱਕਰਾਨਾ ਤਬੀਅਤ ਦੀ ਗੱਲ ਕੀਤੀ। ਉਹਨਾਂ ਬਹੁਤ ਹੀ ਪਿਆਰੇ ਗੀਤ ਲਿਖੇ ਜੋ ਪੰਜਾਬੀਆਂ ਦੇ ਜ਼ਬਾਨ ਉੱਤੇ ਲੋਕ ਗੀਤਾਂ ਵਾਂਗ ਚੜ੍ਹ ਗਏ। ਪੰਜਾਬੀ ਗੀਤਕਾਰੀ ਤੇ ਗਾਇਕੀ ਦੇ ਖੇਤਰ ਵਿੱਚ ਉਨ੍ਹਾਂ ਜਦੋਂ ਬੇਹੱਦ ਨਿਘਾਰ ਦੇਖਿਆ ਤਾਂ ਉਹਨਾਂ ਗੀਤਕਾਰੀ ਵੱਲੋਂ ਮੂੰਹ ਮੋੜ ਲਿਆ ਅਤੇ ਗ਼ਜ਼ਲ ਦੇ ਖੇਤਰ ਵੱਲ ਨੂੰ ਆਪਣਾ ਰੁਖ਼ ਕੀਤਾ। ਪੰਜਾਬੀ ਵਿੱਚ ਗ਼ਜ਼ਲ ਲਿਖਣ ਦੇ ਚੈਲਿੰਜ ਨੂੰ ਕਬੂਲ ਕਰਦਿਆਂ ਉਨ੍ਹਾਂ ਉਸਤਾਦ ਸ਼ਾਇਰ ਦਾ ਦਰਜਾ ਹਾਸਿਲ ਕੀਤਾ ਅਤੇ ਦੀਪਕ ਗ਼ਜ਼ਲ ਸਕੂਲ ਰਾਹੀਂ ਸੈਂਕੜੇ ਨਵੇਂ ਗ਼ਜ਼ਲਗੋਆ ਦੀ ਰਹਿਨੁਮਾਈ ਕੀਤੀ। ਹਰਦਮ ਸਿੰਘ ਮਾਨ ਨੇ ਉਹਨਾਂ ਦੇ ਰੋਜ਼ਾਨਾ ਜੀਵਨ ਤੇ ਰੋਜ਼ਾਨਾ ਦੇ ਕੰਮ ਕਾਜ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਅਤੇ ਆਪਣੀ ਸ਼ਰਧਾਂਜਲੀ ਉਹਨਾਂ ਨੂੰ ਭੇਂਟ ਕੀਤੀ। ਸ਼ਾਇਰ ਮੋਹਨ ਗਿੱਲ ਨੇ ਕਿਹਾ ਕਿ ਪੰਜਾਬੀ ਗਜ਼ਲ ਨੂੰ ਪੈਰਾਂ ਸਿਰ ਖੜ੍ਹੀ ਕਰਨ ਅਤੇ ਇਸ ਦੇ ਪਾਸਾਰ ਵਿੱਚ ਉਸਤਾਦ ਦੀਪਕ ਜੈਤੋਈ ਦਾ ਬਹੁਤ ਵੱਡਾ ਯੋਗਦਾਨ ਹੈ ਜੋ ਕਦੇ ਵੀ ਭੁਲਾਇਆ ਨਹੀਂ ਜਾ ਸਕੇਗਾ। ਪ੍ਰਸਿੱਧ ਆਰਟਿਸਟ ਜਰਨੈਲ ਸਿੰਘ ਨੇ ਜੈਤੋ ਵਿਖੇ ਉਹਨਾਂ ਨਾਲ ਹੋਈਆਂ ਆਪਣੀਆਂ ਮੁਲਾਕਾਤਾਂ ਅਤੇ ਯਾਦਾਂ ਬਾਰੇ ਦਸਦਿਆਂ ਕਿਹਾ ਕਿ ਉਹ ਬਹੁਤ ਹੀ ਨਿਮਰ ਅਤੇ ਸਾਫ਼ਗੋ ਇਨਸਾਨ ਸਨ। ਅੰਗਰੇਜ਼ ਬਰਾੜ ਨੇ ਉਹਨਾਂ ਦੇ ਗੀਤਾਂ ਦੀ ਗੱਲ ਕੀਤੀ ਅਤੇ ਕਿਹਾ ਕਿ 'ਆਹ ਲੈ ਮਾਈ ਸਾਂਭ ਕੁੰਜੀਆਂ' ਅਤੇ 'ਗੱਲ ਸੋਚ ਕੇ ਕਰੀ ਤੂੰ ਜ਼ੈਲਦਾਰਾ' ਗੀਤ ਅੱਜ ਵੀ ਪੰਜਾਬੀਆਂ ਵਿਚ ਹਰਮਨ ਪਿਆਰੇ ਹਨ। ਪੰਜਾਬੀ ਲੋਕ ਗੀਤਾਂ ਦਾ ਦਰਜਾ ਹਾਸਲ ਕਰ ਚੁੱਕੇ ਇਹਨਾਂ ਗੀਤਾਂ ਨੂੰ ਅੱਜ ਹੀ ਪੰਜਾਬੀ ਆਪਣੇ ਆਪ ਵਿਚ ਮਾਣ ਮਹਿਸੂਸ ਕਰ ਰਹੇ ਹਨ।








# ਸਾਨੂੰ ਕਿਸਾਨਾਂ ਦੇ ਦਿੱਲੀ ਜਾਣ ਦੇ ਤਰੀਕੇ 'ਤੇ ਇਤਰਾਜ਼ ਹੈ-ਖੱਟਰ



ਚੰਡੀਗੜ੍ਹ-ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਸਾਨ ਅੰਦੋਲਨ ਬਾਰੇ ਅੱਜ ਕਿਹਾ ਕਿ ਹਰ ਕਿਸੇ ਦਾ ਜਮਹੂਰੀ ਹੱਕ ਹੈ। ਕਿਸਾਨ ਦਿੱਲੀ ਜਾ ਸਕਦੇ ਹਨ ਪਰ ਇਸ ਦੇ ਪਿੱਛੇ ਦੀ ਨੀਅਤ ਨੂੰ ਵੀ ਧਿਆਨ 'ਚ ਰੱਖਣਾ ਚਾਹੀਦਾ ਹੈ। ਸਰਕਾਰ ਨੂੰ ਕਿਸਾਨਾਂ ਦੇ ਦਿੱਲੀ ਜਾਣ ਦੇ ਤਰੀਕਿਆਂ 'ਤੇ ਇਤਰਾਜ਼ ਹੈ। ਪ੍ਰਦਰਸ਼ਨਕਾਰੀ ਇੰਝ ਅੱਗੇ ਵਧ ਰਹੇ ਹਨ, ਜਿਵੇਂ ਕੋਈ ਫੌਜ ਹਮਲਾ ਕਰਨ ਲਈ ਅੱਗੇ ਵਧ ਰਹੀ ਹੋਵੇ। ਉਨ੍ਹਾਂ ਕੋਲ ਜੇਸੀਬੀ, ਇੱਕ ਸਾਲ ਦਾ ਰਾਸ਼ਨ ਤੇ ਟਰੈਕਟਰ-ਟਰਾਲੀਆਂ ਹਨ। ਉਨ੍ਹਾਂ ਆਸ ਪ੍ਰਗਟਾਈ ਕਿ ਅੱਜ ਚੰਡੀਗੜ੍ਹ 'ਚ ਕਿਸਾਨਾਂ ਤੇ ਕੇਂਦਰੀ ਮੰਤਰੀਆਂ ਵਿਚਾਲੇ ਹੋਣ ਵਾਲੀ ਗੱਲਬਾਤ 'ਚੋਂ ਕੋਈ ਨਤੀਜਾ ਨਿਕਲੇਗਾ।











# ਟਰੂਡੋ ਲਿਬਰਲਜ਼ ਸਮਰਥਨ ਵਾਪਸ ਜੁਟਾਉਣ ਵਿਚ ਕੋਈ ਪ੍ਰਗਤੀ ਨਹੀਂ ਕਰ ਰਹੇ-ਨੈਨੋ ਪੋਲ

ਓਟਵਾ-ਨਵੇਂ ਸਰਵੇਖਣ ਮੁਤਾਬਿਕ ਇਸ ਗੱਲ ਦਾ ਕੋਈ ਸੰਕੇਤ ਨਹੀਂ ਕਿ 2024 ਦੇ ਇਕ ਮਹੀਨੇ ਵਿਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਕੰਸਰਵੇਟਿਵਾਂ ਖਿਲਾਫ ਤਿੱਖੇ ਹਮਲਿਆਂ ਨੇ ਜਨਤਾ ਦੀ ਭਾਵਨਾਵਾਂ ਨੂੰ ਉਨ੍ਹਾਂ ਦੇ ਪੱਖ ਵਿਚ ਤਬਦੀਲ ਕੀਤਾ ਹੈ। ਦੀ ਗਲੋਬ ਐਂਡ ਮੇਲ ਲਈ ਨੈਨੋ ਰਿਸਰਚ ਵਲੋ ਕੀਤੇ ਸਰਵੇਖਣ ਨੂੰ ਸੋਮਵਾਰ ਰਿਲੀਜ਼ ਕੀਤਾ ਗਿਆ ਜਿਸ ਤੋਂ ਪਤਾ ਲਗਦਾ ਹੈ ਕਿ ਟਰੂਡੋ ਵੋਟਰਾਂ ਦੀਆਂ ਧਾਰਨਾਵਾਂ ਵਿਚ ਵਧੀਆ ਪ੍ਰਦਰਸ਼ਨ ਨਹੀਂ ਕਰ ਰਹੇ। ਉਨ੍ਹਾਂ ਨੂੰ ਅਮਰੀਕਾ ਨਾਲ ਸਬੰਧਾਂ ਦੇ ਪ੍ਰਬੰਧਨ ਵਿਚ ਇਕ ਵਰਤਮਾਨ ਪ੍ਰਧਾਨ ਮੰਤਰੀ ਦਾ ਵਿਸ਼ੇਸ਼ ਲਾਭ ਨਹੀਂ ਮਿਲ ਰਿਹਾ। ਲਿਬਰਲ ਨੇਤਾ ਵਜੋਂ ਉਨ੍ਹਾਂ ਦੀ ਕਾਰਗੁਜ਼ਾਰੀ ਬਾਰੇ ਲੋਕਾਂ ਦੇ ਵਿਚਾਰ ਫਿਸਲ ਗਏ ਹਨ ਅਤੇ ਕੈਨੇਡੀਅਨਾਂ ਦੇ ਸਿਰਫ ਛੋਟੇ ਜਿਹੇ ਧੜੇ ਦਾ ਵਿਸ਼ਵਾਸ਼ ਹੈ ਕਿ ਉਸ ਦੇ ਬਣੇ ਰਹਿਣ ਨਾਲ ਹੀ ਪਾਰਟੀ ਲਈ ਬਿਹਤਰ ਗੱਲ ਹੋਵੇਗੀ। ਸਤੰਬਰ ਮਹੀਨੇ ਤੋਂ ਸ਼ਾਸਨ ਕਰਨ ਵਾਲੇ ਲਿਬਰਲ ਪਹਿਲੇ ਸਥਾਨ 'ਤੇ ਰਹਿਣ ਵਾਲੇ ਕੰਸਰਵੇਟਿਵਾਂ ਦੇ ਨੇੜੇ ਨਾ ਰਹਿ ਕੇ ਤੀਸਰੇ ਸਥਾਨ 'ਤੇ ਰਹਿਣ ਵਾਲੀ ਪਾਰਟੀ ਐਨਡੀਪੀ ਦੇ ਨੇੜੇ ਰਹੇ ਹਨ। 29 ਜਨਵਰੀ ਅਤੇ 31 ਜਨਵਰੀ ਵਿਚਕਾਰ ਕੀਤੇ ਗਏ ਸਰਵੇਖਣ ਵਿਚ ਸਿਰਫ ਤਿੰਨ ਫ਼ੀਸਦੀ ਲੋਕਾਂ ਨੇ ਕਿਹਾ ਕਿ ਅਗਲੀ ਚੋਣ ਜਿੱਤਣ ਦੀਆਂ ਸੰਭਾਵਨਾਵਾਂ ਵਧਾਉਣ ਲਈ ਲਿਬਰਲ ਪਾਰਟੀ ਲਈ ਬਿਹਤਰ ਤਰੀਕਾ ਇਹ ਹੈ ਕਿ ਉਹ ਟਰੂਡੋ ਨੂੰ ਨੇਤਾ ਵਜੋਂ ਕਾਇਮ ਰੱਖੇ। ਇਸੇ ਦੌਰਾਨ 39 ਫ਼ੀਸਦੀ ਨੇ ਕਿਹਾ ਕਿ ਪਾਰਟੀ ਲਈ ਬਿਹਤਰ ਬਦਲ ਉਨ੍ਹਾਂ ਨੂੰ ਨੇਤਾ ਵਜੋਂ ਬਦਲਣਾ ਹੋਵੇਗਾ ਅਤੇ 25 ਫ਼ੀਸਦੀ ਨੇ ਕਿਹਾ ਕਿ ਜੇਕਰ ਲਿਬਰਲਜ਼ ਆਰਥਿਕ ਮੁੱਦਿਆਂ 'ਤੇ ਜ਼ਿਆਦਾ ਧਿਆਨ ਦੇਣ ਤਾਂ ਉਨ੍ਹਾਂ ਦੇ ਆਸਾਰਾਂ ਵਿਚ ਸੁਧਾਰ ਹੋ ਸਕਦਾ ਹੈ। 20 ਫ਼ੀਸਦੀ ਦਾ ਕਹਿਣਾ ਕਿ ਪਾਰਟੀ ਅਗਲੀ ਚੋਣ ਵਿਚ ਜਿੱਤਣ ਦੀਆਂ ਸੰਭਾਵਨਾਵਾਂ ਵਧਾਉਣ ਲਈ ਕੁਝ ਨਹੀਂ ਕਰ ਸਕਦੀ। 6 ਫ਼ੀਸਦੀ ਕਹਿਣਾ ਕਿ ਲਿਬਰਲਜ਼ ਨੂੰ ਨੀਤੀ ਤਰਜੀਹਾਂ ਦਾ ਮੌਜੂਦਾ ਸੈੱਟ ਜਾਰੀ ਰੱਖਣਾ ਚਾਹੀਦਾ ਹੈ ਅਤੇ 6 ਫ਼ੀਸਦੀ ਹੋਰਨਾਂ ਨੇ ਕਿਹਾ ਕਿ ਉਹ ਅਨਿਸ਼ਚਤ ਹਨ।

# ਪਿਕਸ ਵੱਲੋਂ 22 ਫਰਵਰੀ ਨੂੰ ਵੈਨਕੂਵਰ ਵਿਖੇ ਲੱਗੇਗਾ 'ਮੈਗਾ ਜੌਬ ਫੇਅਰ-2024'

ਸਰੀ (ਹਰਦਮ ਮਾਨ)-ਪ੍ਰੋਗਰੈਸਿਵ ਇਟਰਕਲਚਰਲ ਕਮਿਊਨਿਟੀ ਸਰਵਿਸਿਜ਼ (PICS) ਵੱਲੋਂ 22 ਫਰਵਰੀ 2024 ਨੂੰ ਵੈਨਕੂਵਰ ਵਿਖੇ 'ਮੈਗਾ ਜੌਬ ਫੇਅਰ-2024' ਕਰਵਾਇਆ ਜਾ ਰਿਹਾ ਹੈ। ਬ੍ਰੌਡਵੇ ਸਕਾਈਟਰੇਨ ਸਟੇਸ਼ਨ ਦੇ ਨੇੜੇ ਕ੍ਰੋਏਸ਼ੀਅਨ ਕਲਚਰਲ ਸੈਂਟਰ ਵਿੱਚ ਇਹ ਜੌਬ ਫੇਅਰ ਸਵੇਰੇ 9:30 ਵਜੇ ਸ਼ੁਰੂ ਹੋਵੇਗਾ ਅਤੇ ਦੁਪਹਿਰ 3 ਵਜੇ ਸਮਾਪਤ ਹੋਵੇਗਾ। ਇਹ ਜਾਣਕਾਰੀ ਦਿੰਦਿਆਂ PICS ਦੀ ਮਾਰਕੀਟਿੰਗ, ਸੰਚਾਰ ਅਤੇ ਫੰਡਰੇਜ਼ਿੰਗ ਅਫਸਰ ਫਲਕ ਬੇਤਾਬ ਨੇ ਦੱਸਿਆ ਹੈ ਕਿ ਮੈਗਾ ਜੌਬ ਫੇਅਰ ਪਿਕਸ ਦੇ ਰੋਜ਼ਗਾਰ ਸੇਵਾਵਾਂ ਪ੍ਰੋਗਰਾਮਾਂ ਲਈ ਹਾਲਮਾਰਕ ਈਵੈਂਟ ਹੈ। ਇਸ ਰਾਹੀਂ ਨੌਕਰੀ ਲੱਭਣ ਵਾਲਿਆਂ ਨੂੰ ਰੁਜ਼ਗਾਰ ਦੇਣ ਵਾਲਿਆਂ ਨਾਲ ਸਿੱਧੇ ਤੌਰ 'ਤੇ ਜੁੜਨ ਅਤੇ ਲੇਬਰ ਮਾਰਕੀਟ ਵਿੱਚ ਉਪਲਬਧ ਅਣਗਿਣਤ ਮੌਕਿਆਂ ਦੀ ਪੜਚੋਲ ਕਰਨ ਦਾ ਅਨਮੋਲ ਮੌਕਾ ਪ੍ਰਦਾਨ ਹੋਵੇਗਾ। ਇਸ ਤੋਂ ਇਲਾਵਾ ਹਾਜ਼ਰੀਨ ਕਮਿਊਨਿਟੀ ਸੇਵਾ ਪ੍ਰਦਾਨ ਕਰਨ ਵਾਲਿਆਂ ਅਤੇ ਵਿਦਿਅਕ ਸੰਸਥਾਵਾਂ ਦੁਆਰਾ ਪੇਸ਼ ਕੀਤੇ ਸਰੋਤਾਂ ਤੱਕ ਪਹੁੰਚ ਕਰਨ ਦਾ ਲਾਭ ਲੈ ਸਕਣਗੇ। ਇਹ ਇਵੈਂਟ ਆਪਣੀ ਪਹਿਲੀ ਨੌਕਰੀ ਦੀ ਭਾਲ ਕਰ ਰਹੇ ਨਵੇਂ ਵਿਅਕਤੀਆਂ, ਵਰਕ ਫੋਰਸ ਵਿੱਚ ਸ਼ਾਮਲ ਹੋਣ ਵਾਲੇ ਵਿਅਕਤੀਆਂ ਜਾਂ ਆਪਣੇ ਕਰੀਅਰ ਨੂੰ ਅੱਗੇ ਵਧਾਉਣ ਦਾ ਟੀਚਾ ਰੱਖਣ ਵਾਲੇ ਵਿਅਕਤੀਆਂ ਲਈ ਖੁੱਲ੍ਹਾ ਹੈ। ਉਨ੍ਹਾਂ ਕਿਹਾ ਕਿ PICS ਕੈਨੇਡਾ ਵਿੱਚ ਇੱਕ ਹਰਮਨ ਪਿਆਰੀ ਗ਼ੈਰ-ਲਾਭਕਾਰੀ ਸੰਸਥਾ ਹੈ, ਜੋ ਪੂਰੇ ਬ੍ਰਿਟਿਸ਼ ਕੋਲੰਬੀਆ ਵਿੱਚ ਰੁਜ਼ਗਾਰ ਸੰਬੰਧੀ ਸੇਵਾਵਾਂ, ਬੰਦੋਬਸਤ ਸੇਵਾਵਾਂ, ਸੀਨੀਅਰ ਹਾਊਸਿੰਗ, ਕਮਿਊਨਿਟੀ ਸੇਵਾਵਾਂ ਅਤੇ ਹੋਰ ਬਹੁਤ ਸਾਰੇ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰਦੀ ਹੈ। ਨੌਕਰੀ ਮੇਲੇ ਜਾਂ PICS ਪ੍ਰੋਗਰਾਮਾਂ ਬਾਰੇ ਕਿਸੇ ਵੀ ਪੁੱਛਗਿੱਛ ਲਈ ਫਲਕ ਬੇਤਾਬ ਨਾਲ ਫੋਨ ਨੰਬਰ : 604.596.7722⊘103 ਜਾਂ Email: phalak.betab'pics.bc.ca 'ਤੇ ਸੰਪਰਕ ਕੀਤਾ ਜਾ ਸਕਦਾ ਹੈ।




# ਸਮੱਸਿਆਵਾਂ ਦੇ ਹੱਲ ਲਈ ਸਿਆਸਤਦਾਨਾਂ ਜਾਂ ਸਰਕਾਰਾਂ ਵਿਚ ਕੈਨੇਡਾ ਵਾਸੀਆਂ ਦਾ ਬਹੁਤ ਥੋੜ੍ਹਾ ਭਰੋਸਾ-ਸਰਵੇਖਣ 'ਚ ਖੁਲਾਸਾ

ਓਟਵਾ-ਕੈਨੇਡੀਅਨ ਆਰਥਿਕਤਾ ਨੂੰ ਲੈ ਕੇ ਤਣਾਅ ਵਿਚ ਹਨ ਅਤੇ ਵੱਡੀਆਂ ਸਮੱਸਿਆਵਾਂ ਦੇ ਹੱਲ ਲਈ ਉਨ੍ਹਾਂ ਦਾ ਸਿਆਸਤਦਾਨਾਂ ਜਾਂ ਸਰਕਾਰਾਂ ਵਿਚ ਬਹੁਤ ਘੱਟ ਭਰੋਸਾ ਹੈ। ਪਰੂਫ ਸਟ੍ਰੈਟਜੀਸ ਵਲੋਂ ਕੈਨੇਡਾ ਵਾਸੀਆਂ ਤੋਂ ਉਨ੍ਹਾਂ ਨੂੰ ਰਾਜਨੀਤਕ ਨੇਤਾਵਾਂ ਅਤੇ ਕਾਰੋਬਾਰਾਂ ਤੋਂ ਲੈ ਕੇ ਕਾਰਪੋਰੇਸ਼ਨਾਂ, ਮੀਡੀਆ, ਬੈਂਕਰਾਂ ਅਤੇ ਵਿਗਿਆਨੀਆਂ ਤੋਂ ਹਰ ਚੀਜ਼ ਵਿਚ ਉਨ੍ਹਾਂ ਦੇ ਭਰੋਸੇ ਦੇ ਪੱਧਰ ਬਾਰੇ ਪੁੱਛੇ ਗਏ ਸਵਾਲ ਸਾਲਾਨਾ ਕੈਨ ਟਰੱਸਟ ਇੰਡੈਕਸ਼ ਵਿਚ ਪ੍ਰਕਾਸ਼ਤ ਕੀਤੇ ਗਏ। 2024 ਐਡੀਸ਼ਨ ਤੋਂ ਪਤਾ ਲਗਦਾ ਹੈ ਕਿ ਮੰਦੀ ਜਾਂ ਬੇਰੋਜ਼ਕਾਰੀ ਵਰਗਾ ਆਰਥਿਕਤਾ ਦਰਦ ਦਾ ਡਰ ਕੋਵਿਡ-19 ਨਾਲੋਂ ਜ਼ਿਆਦਾ ਪ੍ਰਤੀਤ ਹੁੰਦਾ ਹੈ। ਪਰੂਫ ਦੇ ਚੇਅਰ ਬਰੂਸ ਮੈਕਲੇਲਨ ਨੇ ਕਿਹਾ ਕਿ ਸਾਨੂੰ ਇਹ ਦੇਖ ਕੇ ਹੈਰਾਨੀ ਹੋਈ ਕਿ ਚਿੰਤਾ ਦਾ ਪੱਧਰ ਕਿੰਨਾ ਉੱਚਾ ਹੋ ਗਿਆ ਹੈ। ਦੋ ਤਿਹਾਈ ਕੈਨੇਡੀਅਨਾਂ ਦਾ ਕਹਿਣਾ ਕਿ ਉਹ ਮੌਜੂਦਾ ਸਮੇਂ ਚਿੰਤਾ ਅਤੇ ਤਣਾਅ ਮਹਿਸੂਸ ਕਰ ਰਹੇ ਹਨ। ਵਿਸ਼ੇਸ਼ ਰੂਪ ਵਿਚ ਔਰਤਾਂ ਨੇ ਆਪਣੇ ਮਰਦ ਹਮਰੁਤਬਾ ਦੇ ਮੁਕਾਬਿਲੇ ਆਰਥਿਕ ਚਿੰਤਾ ਅਤੇ ਸਿਹਤ ਸੰਭਾਲ ਸਿਸਟਮ ਅਤੇ ਕੈਨੇਡਾ ਦੇ ਲੋਕਤੰਤਰ ਵਿਚ ਵਿਸ਼ਵਾਸ਼ ਦਾ ਪੱਧਰ ਘੱਟ ਹੋਣ ਦਾ ਜ਼ਿਕਰ ਕੀਤਾ। ਸਰਵੇਖਣ ਵਿਚ ਸ਼ਾਮਿਲ ਚਾਰ ਵਿਚੋਂ ਤਿੰਨ ਔਰਤਾਂ ਨੇ ਕਿਹਾ ਕਿ ਆਰਥਿਕਤਾ ਨੇ ਉਨ੍ਹਾਂ ਦੀ ਚਿੰਤਾ ਅਤੇ ਤਣਾਅ ਦਾ ਪੱਧਰ ਵਧਾ ਦਿੱਤਾ ਹੈ ਜਦਕਿ ਪੰਜ ਵਿਚੋਂ ਤਿੰਨ ਮਰਦਾਂ ਨੇ ਉਪਰੋਕਤ ਗੱਲ ਆਖੀ। ਮੈਕਲੇਲਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਿਚ ਵਿਸ਼ਵਾਸ਼ ਪਿਛਲੇ 12 ਮਹੀਨਿਆਂ ਵਿਚ ਘਟਿਆ ਹੈ। ਪਿਛਲੇ ਮਹੀਨੇ ਜਦੋਂ ਵਿੱਤ ਮੰਤਰੀ ਕ੍ਰਿਸਟੀਆ ਫ੍ਰੀਲੈਂਡ ਨੂੰ ਇਹ ਪੁੱਛਿਆ ਗਿਆ ਸੀ ਕਿ ਉਨ੍ਹਾਂ ਦੀ ਸਰਕਾਰ ਦੀ ਓਪੀਨੀਅਨ ਪੋਲ ਵਿਚ ਇੰਨੀ ਹਾਲਤ ਮਾੜੀ ਕਿਉਂ ਹੈ ਤਾਂ ਉਨ੍ਹਾਂ ਨੇ ਰਹਿਣ ਸਹਿਣ ਦੀ ਲਾਗਤ ਅਤੇ ਹਾਊਸਿੰਗ ਬਾਰੇ ਚਿੰਤਾ ਦਾ ਜ਼ਿਕਰ ਕੀਤਾ ਸੀ।

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
rcic·cric
#12387 - 75 Ave., Surrey BC V3W 2S7
Email: contactuniglobal@gmail.com


HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839

# ਟਰੂਡੋ ਸਰਕਾਰ ਨੇ ਅਰਾਈਵਕੈਨ ਐਪ ’ਤੇ ਕਰਦਾਤਾਵਾਂ ਦੇ 60 ਮਿਲੀਅਨ ਡਾਲਰ ਬਰਬਾਦ ਕੀਤੇ-ਆਡੀਟਰ ਜਨਰਲ ਦੀ ਰਿਪੋਰਟ ਵਿਚ ਖੁਲਾਸਾ

ਓਟਵਾ-ਜਸਟਿਨ ਟਰੂਡੋ ਦੇ ਸੱਤਾ ਵਿਚ ਆਉਣ ਤੋਂ ਅੱਠ ਸਾਲ ਪਿੱਛੋਂ ਉਨ੍ਹਾਂ ਦੀ ਲਿਬਰਲ ਸਰਕਾਰ ਲਈ ਲਾਗਤ ਅਤੇ ਭ੍ਰਿਸ਼ਟਾਚਾਰ ਦੀ ਕੋਈ ਅਹਿਮੀਅਤ ਨਹੀਂ। ਕੈਨੇਡੀਅਨ ਗਰੌਸਰੀਜ਼ ਦੀ ਖਰੀਦ ਕਰਨ ਦੇ ਯੋਗ ਨਹੀਂ ਜਦਕਿ ਟਰੂਡੋ ਨੇ ਤੁਹਾਡਾ 60 ਮਿਲੀਅਨ ਡਾਲਰ ਅਰਾਈਵਕੈਨ ਐਪ ’ਤੇ ਬਰਬਾਦ ਕਰ ਦਿੱਤਾ। ਇਸ ਦੀ ਪੁਸ਼ਟੀ ਆਡੀਟਰ ਜਨਰਲ ਦੀ ਰਿਪੋਰਟ ਵਿਚ ਕੀਤੀ ਗਈ ਹੈ। ਰਿਪੋਰਟ ਸਪਸ਼ਟ ਰੂਪ ਵਿਚ ਕਹਿੰਦੀ ਹੈ ਕਿ ਕਰਦਾਤਾਵਾਂ ਦਾ ਲੱਖਾਂ ਡਾਲਰ ਪੈਸਾ ਟਰੂਡੋ ਸਰਕਾਰ ਦੇ ਅਧਿਕਾਰੀਆਂ ਨੇ ਬਰਬਾਦ ਕਰ ਦਿੱਤਾ ਜਿਨ੍ਹਾਂ ਨੇ ਆਪਣੇ ਦੋਸਤਾਂ ਲਈ ਇਕਰਾਰਨਾਮਾ ਪ੍ਰਕਿਰਿਆ ਵਿਚ ਧਾਂਦਲੀ ਕੀਤੀ। ਕਾਮਨ ਸੈਂਸ ਕੰਸਰਵੇਟਿਵ ਨੇ ਟਰੂਡੋ ਨੂੰ ਚਿਤਾਵਨੀ ਦਿੱਤੀ ਕਿ ਉਹ ਇਸ ਨੂੰ ਲੈ ਕੇ ਅੱਗੇ ਨਾ ਵਧੇ ਪਰ ਉਨ੍ਹਾਂ ਨੇ ਕਿਸੇ ਵੀ ਹਾਲਤ ਵਿਚ ਅਜਿਹਾ ਕਰਨ ਦਾ ਫ਼ੈਸਲਾ ਕੀਤਾ। ਅਰਾਈਵਕੈਨ ਐਪ ਦਾ ਮੂਲ ਬਜਟ 80000 ਡਾਲਰ ਸੀ ਪਰ ਇਸ ਲਈ ਕੈਨੇਡੀਅਨਾਂ ਨੂੰ 60 ਮਿਲੀਅਨ ਡਾਲਰ ਦਾ ਭਾਰ ਝੱਲਣਾ ਪਿਆ। ਇਹ ਰਕਮ ਬਜਟ ਤੋਂ 750 ਗੁਣਾਂ ਜ਼ਿਆਦਾ ਹੈ। ਇਥੋਂ ਤਕ ਜਦੋਂ ਇਸ ਨੂੰ ਚਾਲੂ ਕੀਤਾ ਗਿਆ ਤਾਂ ਗਲਤੀ ਨਾਲ 10000 ਕੈਨੇਡੀਅਨ ਲੋਕਾਂ ਨੂੰ




ਕੁਆਰਨਟੀਨ ਹੋਣ ਲਈ ਮਜ਼ਬੂਰ ਹੋਣਾ ਪਿਆ। ਇਸ ਤੋਂ ਵੀ ਅੱਗੇ ਦੋ ਵਿਅਕਤੀਆਂ ਨਾਲ ਜੁੜੀ ਆਈਟੀ ਕੰਪਨੀ ਜੀਸੀ ਸਟਰੈਜੀਸ ਨੂੰ ਇਕਰਾਰਨਾਮਿਆਂ ਰਾਹੀਂ 19 ਮਿਲੀਅਨ ਦਾ ਠੇਕਾ ਦਿੱਤਾ ਗਿਆ ਜਿਸ ਲਈ ਹੋਰ ਕਿਸੇ ਨੇ ਅਪਲਾਈ ਹੀ ਨਹੀਂ ਕੀਤਾ। ਅਜਿਹਾ ਇਸ ਲਈ ਸੀ ਕਿਉਂਕਿ ਇਸ ਠੇਕੇ ਲਈ ਕੇਵਲ ਜੀਸੀ ਸਟਰੈਟਜੀ ਨੂੰ ਹੀ ਸ਼ਰਤਾਂ ਬਣਾਉਣ ਦੀ ਇਜਾਜ਼ਤ ਦਿੱਤੀ ਗਈ ਸੀ ਅਤੇ ਇਹ ਸ਼ਰਤਾਂ ਇਸ ਹਿਸਾਬ ਨਾਲ ਬਣਾਈਆਂ ਗਈਆਂ ਕਿ ਹੋਰ ਕੋਈ ਕੰਪਨੀ ਇਸ ਦੀਆਂ ਸ਼ਰਤਾਂ ਨੂੰ ਪੂਰੀਆਂ ਨਾ ਕਰ ਸਕੀ। ਟਰੂਡੋ ਸਰਕਾਰ ਦੇ ਅਧਿਕਾਰੀਆਂ ਨੂੰ ਮੁੱਖ ਠੇਕੇਦਾਰਾਂ ਵਲੋਂ ਵਿਸਕੀ ਦੇ ਸਵਾਦ ਤੇ ਹੋਰ ਚੰਗੇ ਚੋਸੇ ਭੋਜਨਾਂ ਲਈ ਵੀ ਸੱਦਿਆ ਗਿਆ ਸੀ। ਜਸਟਿਨ ਟਰੂਡੋ ਦੇ ਲਿਬਰਲਜ਼ ਨੇ ਇਸ ਸੂਚਨਾਂ ਨੂੰ ਸਾਹਮਣੇ ਆਉਣ ਤੋਂ ਰੋਕਣ ਦੀ ਪੂਰੀ ਕੋਸ਼ਿਸ਼ ਕੀਤੀ। 22 ਨਵੰਬਰ 2022 ਨੂੰ ਕੰਸਰਵੇਟਿਵ ਪਾਰਟੀ ਨੇ ਲਿਬਰਲ ਦੇ ਸਖਤ ਵਿਰੋਧ ਦੇ ਬਾਵਜੂਦ ਹਾਊਸ ਆਫ ਕਾਮਨਜ਼ ਵਿਚ ਇਕ ਮਤਾ ਪਾਸ ਕਰਵਾ ਕੇ ਇਸ ਰਿਪੋਰਟ ਲਈ ਬੇਨਤੀ ਕੀਤੀ ਸੀ। ਹੁਣ ਦੇਖਣਾ ਸੌਖਾ ਹੈ ਕਿ ਉਹ ਭ੍ਰਿਸ਼ਟਾਚਾਰ ਦੇ ਸਬੂਤ ਨੂੰ ਕਿਉਂ ਲੁਕਾਉਣਾ ਚਾਹੁੰਦੇ ਸਨ।

## ਇਕ ਵਿਅਕਤੀ ’ਤੇ ਪੰਜ ਪਰਿਵਾਰਕ ਮੈਂਬਰਾਂ ਦੀ ਮੌਤ ਦਾ ਦੋਸ਼ ਆਇਦ

ਵਿਨੀਪੈਗ-ਮਨੀਟੋਬਾ ਦੇ ਇਕ ਵਿਅਕਤੀ ’ਤੇ ਉਸ ਦੇ ਛੋਟੇ ਬੱਚਿਆਂ ਜਿਸ ਵਿਚ ਦੋ ਮਹੀਨਿਆਂ ਦੀ ਧੀ, ਉਨ੍ਹਾਂ ਦੀ ਮਾਂ ਅਤੇ ਇਕ ਕਿਸ਼ੋਰ ਰਿਸ਼ਤੇਦਾਰ ਸ਼ਾਮਿਲ ਸੀ ਦੀਆਂ ਮੌਤਾਂ ਲਈ ਫਸਟ ਡਿਗਰੀ ਕਤਲ ਦੇ ਪੰਜ ਦੋਸ਼ ਲਗਾਏ ਗਏ ਹਨ। ਇਸ ਸਬੰਧੀ ਵੇਰਵੇ ਆਰਸੀਐਮਪੀ ਦੀ ਪ੍ਰੈਸ ਕਾਨਫਰੰਸ ਵਿਚ ਸਾਹਮਣੇ ਆਏ ਜਿਥੇ ਪ੍ਰੀਮੀਅਰ ਵੈਬ ਕਿਨਿਊ ਇਕ ਸਮੁੱਚੇ ਪਰਿਵਾਰ ਦੇ ਖਤਮ ਹੋਣ ਬਾਰੇ ਗੱਲਬਾਤ ਕਰਦੇ ਹੋਏ ਭਾਵੁਕ ਹੋ ਗਏ ਅਤੇ ਇਸ ਨੂੰ ਸੂਬੇ ਲਈ ਇਕ ਕਾਲਾ ਸਮਾਂ ਆਖਿਆ। ਕਿਨਿਊ ਨੇ ਪ੍ਰੈਸ ਕਾਨਫਰੰਸ ਵਿਚ ਦੱਸਿਆ ਕਿ ਉਸ ਨੂੰ ਪਤਾ ਹੈ ਕਿ ਇਕ ਬੱਚੇ ਨੂੰ ਬਾਹਾਂ ਵਿਚ ਲੈਣਾ, ਇਕ ਛੋਟੇ ਬੱਚੇ ਦਾ ਹੱਥ ਫੜਨਾ, ਗ੍ਰੈਂਡ ਸਮਾਹੋਰ ਲਈ ਕੱਪੜਿਆਂ ਬਾਰੇ ਸੋਚਦੇ ਹੋਏ ਇਕ ਕਿਸ਼ੋਰ ਨਾਲ ਉਥੇ ਹੋਣਾ ਅਤੇ ਦਿਨ ਦੇ ਅਖੀਰ ਵਿਚ ਪਤਨੀ ਨਾਲ ਹਾਸਾ ਸਾਂਝਾ ਕਰਨ ਨਾਲ ਕਿਸ ਤਰ੍ਹਾਂ ਮਹਿਸੂਸ ਹੁੰਦਾ ਹੈ। ਮੇਰਾ ਖਿਆਲ ਹੈ ਕਿ ਸੂਬੇ ਦੇ ਹਰੇਕ ਹਿੱਸੇ ਵਿਚ ਹਰੇਕ ਖੇਤਰ ਦੇ ਲੋਕ ਇਨ੍ਹਾਂ ਬੰਧਨਾਂ ਨੂੰ ਸਮਝਦੇ ਹਨ ਕਿਉਂਕਿ ਇਹ ਬੰਧਨ ਪਵਿੱਤਰ ਹਨ। ਕਿਨਿਊ ਨੇ ਕਿਹਾ ਕਿ ਇਹ ਸਾਡੇ ਲਈ ਔਖਾ ਸਮਾਂ ਹੈ ਕਿਉਂਕਿ ਇਹ ਪਵਿੱਤਰ ਬੰਧਨ ਸਾਡੇ ਸੂਬੇ ਵਿਚ ਟੁੱਟ ਗਏ ਹਨ। 29 ਸਾਲਾ ਰਿਆਨ ਹਾਵਰਡ ਮਾਨੋਕੇਸਿਕ ਖਿਲਾਫ ਉਸ ਦੀ 30 ਸਾਲਾ ਕਾਮਨ-ਲਾਅ-ਪਾਰਟਨਰ, ਜੋੜੇ ਦੀ 6 ਸਾਲਾ ਧੀ, ਚਾਰ ਸਾਲਾ ਪੁੱਤਰ ਅਤੇ ਇਕ ਛੋਟੀ ਬੱਚੀ ਅਤੇ ਮਾਂ ਦੀ 17 ਸਾਲ ਦੀ ਭਤੀਜੀ ਦੀਆਂ ਮੌਤਾਂ ਦੇ ਦੋਸ਼ ਲਗਾਏ ਗਏ ਹਨ।

## ਕੋਵਿਡ-19 ਸੁਰੱਖਿਆ ਨਿਰਮਾਤਾਵਾਂ ਵਲੋਂ ਫੈਡਰਲ ਸਰਕਾਰ ਖ਼ਿਲਾਫ਼ ਪੰਜ ਅਰਬ ਡਾਲਰ ਦੇ ਹਰਜਾਨੇ ਦੇ ਕੇਸ ਦਾਇਰ

ਓਟਵਾ-ਕੋਵਿਡ-19 ਖਿਲਾਫ ਬਚਾਅ ਲਈ ਮਾਸਕ ਅਤੇ ਹੋਰ ਸਾਜ਼ੋ-ਸਮਾਨ ਬਣਾਉਣ ਵਾਲੇ ਕੈਨੇਡੀਅਨ ਨਿਰਮਾਤਾ ਫੈਡਰਲ ਸਰਕਾਰ ਤੋਂ ਇਹ ਕਹਿੰਦੇ ਹੋਏ ਪੰਜ ਅਰਬ ਡਾਲਰ ਤੋਂ ਵੀ ਵੱਧ ਹਰਜਾਨੇ ਦੀ ਮੰਗ ਕਰ ਰਹੇ ਹਨ ਕਿ ਫੈਡਰਲ ਸਰਕਾਰ ਨੇ ਉਨ੍ਹਾਂ ਦੇ ਉਤਪਾਦਾਂ ਦੀ ਖਰੀਦ ਕਰਨ ਅਤੇ ਵੇਚਣ ਵਿਚ ਮਦਦ ਕਰਨ ਬਾਰੇ ਉਨ੍ਹਾਂ ਨੂੰ ਗੁੰਮਰਾਹ ਕੀਤਾ ਹੈ। ਫੈਡਰਲ ਅਦਾਲਤ ਵਿਚ ਦਾਇਰ ਕਲੇਮ ਦੇ ਇਕ ਬਿਆਨ ਵਿਚ ਕੰਪਨੀਆਂ ਅਤੇ ਉਨ੍ਹਾਂ ਦੀ ਸਨਅਤ ਐਸੋਸੀਏਸ਼ਨ ਨੇ ਦੋਸ਼ ਲਗਾਇਆ ਕਿ ਸਰਕਾਰ ਨੇ ਲਾਪਰਵਾਹੀ ਭਰੀ ਗਲਤ ਪੇਸ਼ਕਾਰੀ ਕੀਤੀ ਜਿਸ ਕਾਰਨ ਉਨ੍ਹਾਂ ਨੇ ਨਿੱਜੀ ਸੁਰੱਖਿਆ ਉਪਕਰਣਾਂ ਦੀ ਇਨੋਵੇਸ਼ਨ, ਨਿਰਮਾਣ ਤੇ ਉਤਪਾਦਨ ਵਿਚ ਨਿਵੇਸ਼ ਕੀਤਾ ਸੀ। ਕੰਪਨੀਆਂ ਅਤੇ ਕੈਨੇਡੀਅਨ ਐਸੋਸੀਏਸ਼ਨ ਆਫ ਪੀਪੀਈ ਮੈਨੂਫੈਕਚਰਜ਼ ਨੇ ਕਿਹਾ ਕਿ ਸਰਕਾਰ ਨੇ ਬਾਜ਼ਾਰਾਂ, ਸਿੱਧੀ ਸਹਾਇਤਾ, ਲਚਕਦਾਰ ਖਰੀਦ ਅਤੇ ਤਿੰਨ ਸਾਲ ਤਕ ਲੰਬੇ ਸਮੇਂ ਦੀ ਸਹਾਇਤਾ ਜਿਹੜਾ ਮਾਰਚ 2020 ਤੋਂ ਸ਼ੁਰੂ ਹੋਈ ਸੀ ਬਾਰੇ ਗੁੰਮਰਾਹਕੁੰਨ ਬਿਆਨ ਦਿੱਤੇ ਸਨ। 2020 ਦੇ ਸ਼ੁਰੂ ਵਿਚ ਕੋਵਿਡ-19 ਬਿਮਾਰੀ ਫੈਲਣ ਕਾਰਨ ਸਰਕਾਰਾਂ ਅਤੇ ਸਰਕਾਰੀ ਸਿਹਤ ਅਧਿਕਾਰੀਆਂ ਨੇ ਅਸਾਧਾਰਨ ਉਪਾਅ ਲਾਗੂ ਕੀਤੇ ਜਿਸ ਵਿਚ ਲਾਕਡਾਊਨ, ਟੀਕੇ ਦੀਆਂ ਲੋੜਾਂ ਅਤੇ ਮਾਸਕ ਸਬੰਧੀ ਆਦੇਸ਼ ਸ਼ਾਮਿਲ ਸਨ।

## ਡਿਪੋਰਟੇਸ਼ਨ ਪੱਤਰਾਂ ਵਾਲੇ ਬਹੁਤੇ ਪ੍ਰਵਾਸੀ ਅਜੇ ਵੀ ਕੈਨੇਡਾ ’ਚ ਰਹਿ ਰਹੇ-ਸੀਬੀਐਸਏ ਦੇ ਅੰਕੜਿਆਂ ’ਚ ਖੁਲਾਸਾ

ਓਟਵਾ-ਕੈਨੇਡੀਅਨ ਬਾਰਡਰ ਸਰਵਿਸਿਜ਼ ਏਜੰਸੀ ਵਲੋਂ ਦੱਸੇ ਅੰਕੜਿਆਂ ਮੁਤਾਬਿਕ ਪਿਛਲੇ ਅੱਠ ਸਾਲਾਂ ਵਿਚ ਜਿਨ੍ਹਾਂ ਵਿਅਕਤੀ ਨੂੰ ਡਿਪੋਰਟੇਸ਼ਨ ਪੱਤਰ ਭੇਜੇ ਗਏ ਹਨ ਉਨ੍ਹਾਂ ਵਿਚੋਂ ਬਹੁਤੇ ਕੈਨੇਡਾ ਵਿਚ ਹੀ ਰਹਿ ਰਹੇ ਹਨ। ਅੰਕੜੇ ਦੱਸਦੇ ਹਨ ਕਿ 14609 ਵਿਅਕਤੀਆਂ ਨੂੰ ਪੱਤਰ ਭੇਜ ਕੇ ਜਾਣਕਾਰੀ ਦਿੱਤੀ ਗਈ ਕਿ ਉਹ 2016 ਅਤੇ ਪਿਛਲੇ ਸਾਲ ਮਈ ਵਿਚਕਾਰ ਡਿਪੋਰਟੇਸ਼ਨ ਦਾ ਸਾਹਮਣਾ ਕਰ ਰਹੇ ਹਨ ਪਰ ਪਿਛਲੇ ਸਾਲ 9317 ਵਿਅਕਤੀ ਅਜੇ ਵੀ ਕੈਨੇਡਾ ਵਿਚ ਰਹਿ ਰਹੇ ਸਨ ਜਿਨਾਂ ਵਿਚ 2188 ਉਹ ਵਿਅਕਤੀ ਹਨ ਜਿਨ੍ਹਾਂ ਨੂੰ 2016 ਅਤੇ 2017 ਵਿਚਕਾਰ ਡਿਪੋਰਟੇਸ਼ਨ ਪੱਤਰ ਭੇਜੇ ਗਏ ਸਨ। ਕੰਸਰਵੇਟਿਵ ਇਮੀਗ੍ਰੇਸ਼ਨ ਆਲੋਚਕ ਟੌਮ ਕੇਮੀਕ ਜਿਸ ਨੇ ਪਿਛਲੇ ਸਾਲ ਮਈ ਵਿਚ ਸੰਸਦੀ ਪ੍ਰਸ਼ਨ ਦੇ ਜਵਾਬ ਵਿਚ ਅੰਕੜੇ ਪ੍ਰਾਪਤ ਕੀਤੇ ਸਨ ਨੇ ਕਿਹਾ ਕਿ ਕਾਨੂੰਨ ਨੂੰ ਲਾਗੂ ਕਰਨ ਦੀ ਘਾਟ ਹੈ। ਉਨ੍ਹਾਂ ਕਿਹਾ ਕਿ ਉਹ ਇਕ ਟੁੱਟੀ ਹੋਈ ਇਮੀਗ੍ਰੇਸ਼ਨ ਪ੍ਰਣਾਲੀ ਦ ਲੱਛਣ ਹਨ ਅਤੇ ਲਗਾਤਾਰ ਜਨਤਕ ਵਿਸ਼ਵਾਸ਼ ਨੂੰ ਖੋਰਾ ਲਾਉਣ ਵਿਚ ਯੋਗਦਾਨ ਪਾ ਰਹੇ ਹਨ। ਅੰਕੜੇ ਦੱਸਦੇ ਹਨ ਕਿ 3087 ਵਿਅਕਤੀ ਜਿਹੜੇ 2016 ਤੋਂ ਡਿਪੋਰਟੇਸ਼ਨ ਪੱਤਰਾਂ ਵਾਲੇ ਲੋਕਾਂ ਦੇ ਇਕ ਚੌਥਾਈ ਤੋਂ ਵੀ ਘੱਟ ਹਨ ਨੂੰ ਕੈਨੇਡਾ ਵਿਚੋਂ ਕੱਢਿਆ ਗਿਆ ਹੈ। ਕੇਮੀਕ ਨੇ ਕਿਹਾ ਕਿ ਜਿਹੜਾ ਵੀ ਵਿਅਕਤੀ ਕੈਨੇਡਾ ਵਿਚ ਗੈਰਕਾਨੂੰਨੀ ਪਾਇਆ ਗਿਆ ਅਤੇ ਜਿਸ ਨੂੰ ਦੇਸ਼ ਨਿਕਾਲੇ ਦੀ ਸੂਚੀ ਵਿਚ ਰੱਖਿਆ ਗਿਆ ਹੈ ਨੂੰ ਦੇਸ਼ ਤੋਂ ਬਾਹਰ ਕਰਨ ਵਿਚ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ। ਕੁਝ ਲੋਕ ਉਹ ਵੀ ਹਨ ਜਿਨ੍ਹਾਂ ਨੂੰ ਡਿਪੋਰਟ ਕਰਨ ਦੇ ਪੱਤਰ ਭੇਜੇ ਗਏ ਪਰ ਉਨ੍ਹਾਂ ਦੇ ਦੇਸ਼ ਵਿਚੋਂ ਕੱਢਣ ਦੇ ਹੁਕਮਾਂ ਨੂੰ ਰੱਦ ਕਰ ਦਿੱਤਾ ਗਿਆ ਜਾਂ ਉਨ੍ਹਾਂ ਨੂੰ ਪੀਆਰ ਮਿਲ ਗਈ। ਸੀਬੀਐਸਏ ਦੇ ਜਵਾਬ ਤੋਂ ਪਤਾ ਲਗਦਾ ਹੈ ਕਿ ਡਿਪੋਰਟੇਸ਼ਨ ਪੱਤਰਾਂ ਵਾਲੇ ਕੇਵਲ 771 ਵਿਅਕਤੀਆਂ ਨੇ ਹੀ 2021 ਤੋਂ ਸਵੈ ਇੱਛਾ ਨਾਲ ਦੇਸ਼ ਨੂੰ ਛੱਡਿਆ ਹੈ।






## ਸਰੀ ਕੌਂਸਲ ਵਲੋਂ ਡਾਊਨਟਾਊਨ ਲਈ 2 ਹੋਰ ਉੱਚ ਉਸਾਰੀ ਪ੍ਰਾਜੈਕਟਾਂ ਨੂੰ ਮਨਜ਼ੂਰੀ

ਸਰੀ-12 ਫਰਵਰੀ ਨੂੰ ਡਾਊਨਟਾਊਨ ਵਿਚ 1789 ਘਰਾਂ ਅਤੇ 153 ਮੰਜ਼ਿਲਾਂ ਵਾਲੇ ਦੋ ਵੱਡੇ ਉਸਾਰੀ ਪ੍ਰਾਜੈਕਟਾਂ ਨੂੰ ਸਰੀ ਸਿਟੀ ਕੌਂਸਲ ਦੀ ਤੀਸਰੀ ਪੜ੍ਹਤ ਦੀ ਮਨਜ਼ੂਰੀ ਮਿਲੀ। ਇਨ੍ਹਾਂ ਨੂੰ ਉਸੇ ਰਾਤ ਜਨਤਕ ਸੁਣਵਾਈ ਪਿੱਛੋਂ ਬਿਨ੍ਹਾਂ ਬਹਿਸ ਦੇ ਪਾਸ ਕਰ ਦਿੱਤਾ ਗਿਆ। ਪਹਿਲਾ ਪ੍ਰਾਜੈਕਟ 13340 112 ਐਵੀਨਿਊ, 11151 ਬੋਲੀਵਰ ਰੋਡ ਅਤੇ 13307 ਕਿੰਗ ਜੌਰਜ ਬੁਲੇਵਾਰਡ ਵਿਖੇ ਓਵੀਏਡੋ ਪ੍ਰਾਪਰਟੀਜ਼ ਵਲੋਂ ਉਸਾਰਿਆ ਜਾਵੇਗਾ ਜਿਸ ਵਿਚ ਮਿਕਸਡ ਯੂਜ਼ ਵਾਲਾ 21 ਮੰਜ਼ਿਲਾ ਟਾਵਰ ਅਤੇ 24 ਅਤੇ 27 ਮੰਜ਼ਿਲੇ ਦੋ ਰਿਹਾਇਸ਼ੀ ਟਾਵਰ ਹੋਣਗੇ ਜਿਨ੍ਹਾਂ ਵਿਚ 967 ਘਰ ਹੋਣਗੇ ਅਤੇ 240 ਵਰਗ ਮੀਟਰ ਗਰਾਊਂਡ ਫਲੋਰ ਵਪਾਰਕ ਥਾਂ ਹੋਵੇਗੀ। ਇਹ ਮੌਜੂਦਾ ਸਮੇਂ ਖਾਲੀ ਥਾਂ ਹੈ ਅਤੇ ਵਰਤੀਆਂ ਕਾਰਾਂ ਦੀ ਡੀਲਰਸ਼ਿਪ ਵਾਲੀ ਥਾਂ ਹੈ। ਦੂਸਰਾ ਪ੍ਰਾਜੈਕਟ ਟੈਂਜਰੀਨ ਡਿਵੈਲਪਮੈਂਟ ਉਸਾਰਨ ਦੀ ਯੋਜਨਾ ਬਣਾ ਰਹੀ ਹੈ।

## ਪੁਲਿਸ ਨੂੰ ਨਵੰਬਰ ਵਿਚ ਟਰੈਕਟਰ ਦੁਰਘਟਨਾ ਦੇ ਚਸ਼ਮਦੀਦਾਂ ਦੀ ਭਾਲ

ਸਰੀ-ਬੀਸੀ ਹਾਈਵੇਅ ਪੈਟਰੋਲ ਉਨ੍ਹਾਂ ਚਸ਼ਮਦੀਦਾਂ ਦੀ ਭਾਲ ਕਰ ਰਹੀ ਹੈ ਜਿਨ੍ਹਾਂ ਨੇ ਸ਼ਾਇਦ 25 ਨਵੰਬਰ 2023 ਨੂੰ ਸਰੀ ਵਿਚ ਟਰੈਕਟਰ ਦੀ ਟੱਕਰ ਦੇਖੀ ਹੈ। ਪੁਲਿਸ ਨੂੰ ਉਨ੍ਹਾਂ ਵਿਅਕਤੀਆਂ ਦੀ ਭਾਲ ਹੈ ਜਿਨ੍ਹਾਂ ਕੋਲ ਟੱਕਰ ਤੋਂ ਪਹਿਲਾਂ ਡਰਾਈਵਰ ਦੇ ਰਵੱਈਏ ਅਤੇ ਟੱਕਰ ਤੋਂ ਬਾਅਦ ਦੀ ਡੈਸ਼ਕੈਮ ਵਿਚ ਫੁੱਟੇਜ ਹੋਵੇ। ਪੁਲਿਸ ਨੇ ਹਾਈਵੇਅ ਇਕ 'ਤੇ ਟਰੈਕਟਰ ਦਾ ਪਿੱਛਾ ਕੀਤਾ ਅਤੇ ਟਰੈਕਟਰ ਨੂੰ ਲੰਬੇ ਸਮੇ ਤਕ ਰੋਕਣ ਦੀ ਕੋਸ਼ਿਸ਼ ਕੀਤੀ ਜਦੋਂ ਇਹ ਉਸ ਕਾਫਲੇ ਦਾ ਹਿੱਸਾ ਸੀ ਜਿਹੜਾ ਵੈਨਕੂਵਰ ਨੂੰ ਜਾ ਰਿਹਾ ਸੀ। ਇਹ ਟਰੈਕਟਰ ਪੁਲਿਸ ਦੀ ਮੋਟਰ ਗੱਡੀ ਨਾਲ ਟਕਰਾ ਕੇ ਪਲਟ ਗਿਆ ਸੀ। ਇਡੀਪੈਂਡੈਂਟ ਇਨਵੈਸਟੀਗੇਸ਼ਨ ਆਫਿਸ ਨੇ ਪਾਇਆ ਕਿ ਪੁਲਿਸ ਨੇ 25 ਨਵੰਬਰ ਦੀ ਦੁਰਘਟਨਾ ਲਈ ਕੋਈ ਅਪਰਾਧ ਨਹੀਂ ਕੀਤਾ। ਆਈਆਈਓ ਨੇ ਇਕ ਪ੍ਰੈਸ ਰਿਲੀਜ਼ ਵਿਚ ਦੱਸਿਆ ਕਿ ਇਹ ਵਿਸ਼ਵਾਸ਼ ਕਰਨ ਲਈ ਕੋਈ ਯੋਗ ਆਧਾਰ ਨਹੀਂ ਕਿ ਕਿਸੇ ਅਫਸਰ ਨੇ ਕੋਈ ਅਪਰਾਧ ਕੀਤਾ ਹੈ। ਬੀਸੀ ਹਾਈਵੇਅ ਪੈਟਰੋਲ ਨੇ ਕਿਹਾ ਕਿ ਇਸ ਸਮੇਂ ਡਰਾਈਵਰ ਦਾ ਨਾਂਅ ਰਿਲੀਜ਼ ਨਹੀਂ ਕੀਤਾ ਜਾ ਸਕਦਾ।



# ਸੋਨੀਆ ਨੇ ਰਾਜਸਥਾਨ ਤੋਂ ਰਾਜ ਸਭਾ ਲਈ ਨਾਮਜ਼ਦਗੀ ਭਰੀ

ਨਵੀਂ ਦਿੱਲੀ-ਕਾਂਗਰਸ ਨੇ 27 ਫਰਵਰੀ ਨੂੰ ਹੋਣ ਵਾਲੀਆਂ ਰਾਜ ਸਭਾ ਚੋਣਾਂ ਲਈ ਪਾਰਟੀ ਦੀ ਸਾਬਕਾ ਪ੍ਰਧਾਨ ਸੋਨੀਆ ਗਾਂਧੀ (77), ਸੀਨੀਅਰ ਆਗੂਆਂ ਅਜੈ ਮਾਕਨ, ਅਭਿਸ਼ੇਕ ਸਿੰਘਵੀ ਅਤੇ ਰੇਣੂਕਾ ਚੌਧਰੀ ਸਣੇ 10 ਆਗੂਆਂ ਨੂੰ ਮੈਦਾਨ 'ਚ ਉਤਾਰਿਆ ਹੈ। ਸੋਨੀਆ ਨੇ ਅੱਜ ਜੈਪੁਰ 'ਚ ਆਪਣੇ ਨਾਮਜ਼ਦਗੀ ਕਾਗਜ਼ ਦਾਖ਼ਲ ਕੀਤੇ। ਇਸ ਮੌਕੇ ਪੁੱਤਰ ਰਾਹੁਲ ਗਾਂਧੀ ਤੇ ਧੀ ਪ੍ਰਿਯੰਕਾ ਗਾਂਧੀ ਵਾਡਰਾ ਅਤੇ ਰਾਜਸਥਾਨ ਦੇ ਸਾਬਕਾ ਮੁੱਖ ਮੰਤਰੀ ਅਸ਼ੋਕ ਗਹਿਲੋਤ ਵੀ ਹਾਜ਼ਰ ਸਨ। ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿਘ ਦਾ ਰਾਜ ਸਭਾ ਕਾਰਜਕਾਲ ਅਪਰੈਲ 'ਚ ਖ਼ਤਮ ਹੋਣ ਮਗਰੋਂ ਇਹ ਸੀਟ ਖਾਲੀ ਹੋ ਰਹੀ ਹੈ। ਸੋਨੀਆ ਰਾਜਸਥਾਨ ਤੋਂ ਪਹਿਲੀ ਵਾਰ ਰਾਜ ਸਭਾ 'ਚ ਦਾਖ਼ਲ ਹੋਣ ਲਈ ਤਿਆਰ ਹੈ। ਮੰਨਿਆ ਜਾ ਰਿਹਾ ਹੈ ਕਿ ਉਨ੍ਹਾਂ ਦੀ ਲੋਕ ਸਭਾ ਸੀਟ ਰਾਏ ਬਰੇਲੀ ਤੋਂ ਪ੍ਰਿਯੰਕਾ ਗਾਂਧੀ ਨੂੰ ਚੋਣ ਲੜਾਈ ਜਾ ਸਕਦੀ ਹੈ। ਪਾਰਟੀ ਦੇ ਖ਼ਜ਼ਾਨਚੀ ਅਜੈ ਮਾਕਨ ਨੂੰ ਕਰਨਾਟਕ ਅਤੇ ਅਭਿਸ਼ੇਕ ਸਿੰਘਵੀ ਨੂੰ ਹਿਮਾਚਲ ਪ੍ਰਦੇਸ਼ ਤੋਂ ਰਾਜ ਸਭਾ ਲਈ ਭੇਜਿਆ ਜਾ ਰਿਹਾ ਹੈ। ਦੋਵੇਂ ਸੂਬਿਆਂ 'ਚ ਪਾਰਟੀ ਦੀ ਸਰਕਾਰ ਹੈ। ਮਾਕਨ ਨੇ ਪਿਛਲੇ ਸਾਲ ਹਰਿਆਣਾ ਤੋਂ ਰਾਜ ਸਭਾ ਦੀ ਚੋਣ ਲੜੀ ਸੀ ਪਰ ਉਹ ਹਾਰ ਗਏ ਸਨ। ਕਾਂਗਰਸ ਨੇ ਸਾਬਕਾ ਕੇਂਦਰੀ ਮੰਤਰੀ ਰੇਣੂਕਾ ਚੌਧਰੀ ਅਤੇ ਸਥਾਨਕ ਆਗੂ ਐੱਮ ਅਨਿਲ ਕੁਮਾਰ ਯਾਦਵ ਨੂੰ ਤਿਲੰਗਾਨਾ ਤੋਂ ਰਾਜ ਸਭਾ ਉਮੀਦਵਾਰ ਬਣਾਇਆ ਹੈ ਜਿਥੇ ਪਾਰਟੀ ਪਿਛਲੇ ਸਾਲ ਦਸੰਬਰ 'ਚ ਸੱਤਾ 'ਚ ਆਈ ਹੈ। ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਦੱਸਿਆ ਕਿ ਸਿੰਘਵੀ ਹਿਮਾਚਲ ਪ੍ਰਦੇਸ਼ ਦੀ ਇਕਲੌਤੀ ਰਾਜ ਸਭਾ ਸੀਟ ਤੋਂ ਵੀਰਵਾਰ ਨੂੰ ਨਾਮਜ਼ਦਗੀ ਕਾਗਜ਼ ਦਾਖ਼ਲ ਕਰਨਗੇ। ਸੀਨੀਅਰ ਪਾਰਟੀ ਆਗੂ ਅਤੇ ਸਾਬਕਾ ਕੇਂਦਰੀ ਮੰਤਰੀ ਆਨੰਦ ਸ਼ਰਮਾ ਨੇ ਹਿਮਾਚਲ ਤੋਂ ਰਾਜ ਸਭਾ ਟਿਕਟ 'ਤੇ ਅੱਖ ਰੱਖੀ ਹੋਈ ਸੀ। ਰਾਜ ਸਭਾ ਦੀਆਂ 56 ਸੀਟਾਂ 'ਤੇ ਚੋਣਾਂ 27 ਫਰਵਰੀ ਨੂੰ ਹੋਣਗੀਆਂ। ਨਾਮਜ਼ਦਗੀ ਕਾਗਜ਼ ਦਾਖ਼ਲ ਕਰਨ ਦੀ ਆਖਰੀ ਤਰੀਕ 15 ਫਰਵਰੀ ਹੈ। ਕਾਂਗਰਸ ਨੇ ਸੱਯਦ ਨਾਸਿਰ ਹੁਸੈਨ, ਜੋ ਪਾਰਟੀ ਪ੍ਰਧਾਨ ਮਲਿਕਾਰਜੁਨ ਖੜਗੇ ਦੇ ਦਫ਼ਤਰ 'ਚ ਕੋਆਰਡੀਨੇਟਰ ਹਨ, ਨੂੰ ਮੁੜ ਤੋਂ ਰਾਜ ਸਭਾ ਲਈ ਨਾਮਜ਼ਦ ਕੀਤਾ ਹੈ। ਉਹ ਦੂਜੀ ਵਾਰ ਕਰਨਾਟਕ ਤੋਂ ਰਾਜ ਸਭਾ ਮੈਂਬਰ ਬਣਨਗੇ। ਪਾਰਟੀ ਨੇ ਬਿਹਾਰ ਇਕਾਈ ਦੇ ਪ੍ਰਧਾਨ ਅਖਿਲੇਸ਼ ਪ੍ਰਸਾਦ ਸਿੰਘ ਨੂੰ ਸੂਬੇ ਤੋਂ ਰਾਜ ਸਭਾ ਦੀ ਮੁੜ ਟਿਕਟ ਦਿੱਤੀ ਹੈ ਅਤੇ ਉਨ੍ਹਾਂ ਮੰਗਲਵਾਰ ਨੂੰ ਨਾਮਜ਼ਦਗੀ ਕਾਗਜ਼ ਦਾਖ਼ਲ ਕਰ ਦਿੱਤੇ ਹਨ। ਪਾਰਟੀ ਵੱਲੋਂ ਐਲਾਨੀ ਸੂਚੀ 'ਚ ਕਰਨਾਟਕ ਦੇ ਆਗੂ ਜੀ ਸੀ ਚੰਦਰਸ਼ੇਖਰ, ਮੱਧ ਪ੍ਰਦੇਸ਼ ਤੋਂ ਸਥਾਨਕ ਆਗੂ ਅਸ਼ੋਕ ਸਿੰਘ ਅਤੇ ਮਹਾਰਾਸ਼ਟਰ ਤੋਂ ਚੰਦਰਕਾਂਤ ਹੰਡੋਰੇ ਦੇ ਨਾਮ ਵੀ ਸ਼ਾਮਲ ਹਨ।

# ਫੈਡਰਲ ਸਰਕਾਰ ਵਲੋਂ ਜਨਮ ਕੰਟਰੋਲ ਦੇ ਖਰਚਿਆਂ ਨੂੰ ਸਹਿਣ ਕਰਨ 'ਤੇ ਵਿਚਾਰ

ਓਟਵਾ-ਫੈਡਰਲ ਸਰਕਾਰ ਨਵੇਂ ਫਾਰਮਾਕੇਅਰ ਕਾਨੂੰਨ ਨੂੰ ਲੈ ਕੇ ਐਨਡੀਪੀ ਨਾਲ ਆਪਣੇ ਸਮਝੌਤਿਆਂ ਦੇ ਹਿੱਸੇ ਵਜੋਂ ਜਨਮ ਕੰਟਰੋਲ ਦੇ ਖਰਚ ਨੂੰ ਸਹਿਣ ਕਰਨ 'ਤੇ ਵਿਚਾਰ ਕਰ ਰਹੀ ਹੈ। ਤਿੰਨ ਸੂਤਰਾਂ ਨੇ ਦੀ ਗਲੋਬ ਐਂਡ ਮੇਲ ਨੂੰ ਦੱਸਿਆ ਕਿ ਸੰਭਾਵੀ ਜਨਮ ਕੰਟਰੋਲ ਫੰਡ ਡਾਇਬਟੀਜ਼ ਦੀਆਂ ਦਵਾਈਆਂ ਦੀ ਕਵਰੇਜ ਤੋਂ ਵੱਖਰੀ ਹੈ ਜਿਸ ਬਾਰੇ ਚਰਚਾ ਕੀਤੀ ਜਾ ਰਹੀ ਹੈ। ਦਸੰਬਰ ਮਹੀਨੇ ਦੀ ਗਲੋਬ ਨੇ ਇਹ ਖ਼ਬਰ ਦਿੱਤੀ ਸੀ ਕਿ ਪੁਰਾਣੀ ਬਿਮਾਰੀ ਦੇ ਇਲਾਜ ਲਈ ਵਰਤੀਆਂ ਜਾਂਦੀਆਂ ਦਵਾਈਆਂ ਸਮਝੌਤੇ ਤਹਿਤ ਕਵਰ ਕੀਤੀਆਂ ਜਾ ਸਕਦੀਆਂ ਹਨ। ਸਮਝੌਤਾ ਗੱਲਬਾਤ ਕਰਨ ਵਾਲੇ ਇਸ ਗੱਲ 'ਤੇ ਚਰਚਾ ਕਰ ਰਹੇ ਹਨ ਕਿ ਕਿੰਨੀਆਂ ਦਵਾਈਆਂ ਦਾ ਖਰਚ ਸਹਿਣ ਕੀਤਾ ਜਾਵੇ ਅਤੇ ਇਹ ਨਿਰਾਧਰਤ ਕਿਵੇਂ ਕੀਤਾ ਜਾਵੇ ਕਿ ਕਿਹੜੀਆਂ ਦਵਾਈਆਂ ਯੋਗ ਹਨ। ਸੂਤਰ ਨੇ ਦੱਸਿਆ ਕਿ ਉਦਾਹਰਣ ਦੇ ਤੌਰ 'ਤੇ ਗਰਭ ਨਿਰੋਧਕ ਤਹਿਤ ਇਸ ਚੀਜ਼ ਨੂੰ ਲੈ ਕੇ ਲਗਾਤਾਰ ਗੱਲਬਾਤ ਚੱਲ ਰਹੀ ਹੈ ਕਿ ਸਰਕਾਰ ਨੂੰ ਕੇਵਲ ਗੋਲੀਆਂ ਦਾ ਖਰਚਾ ਸਹਿਣ ਕਰਨਾ ਚਾਹੀਦਾ ਹੈ ਜਾਂ ਇੰਟਰਾਯੂਟਰੀਨ ਉਪਕਰਨਾਂ (ਆਈਯੂਡੀਐਸ) ਦਾ ਖਰਚਾ ਵੀ ਸਹਿਣ ਕੀਤਾ ਜਾਣਾ ਚਾਹੀਦਾ ਹੈ ਜਾਂ ਨਹੀਂ। ਦੀ ਗਲੋਬ ਨੇ ਸੂਤਰ ਦੀ ਪਛਾਣ ਨਹੀਂ ਦੱਸੀ ਕਿਉਂਕਿ ਉਸ ਨੂੰ ਸੰਵੇਦਨਸ਼ੀਲ ਗੱਲਬਾਤ 'ਤੇ ਚਰਚਾ ਕਰਨ ਦਾ ਅਧਿਕਾਰ ਨਹੀਂ। ਲਿਬਰਲਜ਼ ਨੇ ਹਾਊਸ ਆਫ ਕਾਮਨਜ਼ ਵਿਚ ਆਪਣੀ ਘੱਟਗਿਣਤੀ ਸਰਕਾਰ ਨੂੰ ਸਮਰਥਨ ਲਈ ਲਗਪਗ ਦੋ ਸਾਲ ਪਹਿਲਾਂ ਐਨਡੀਪੀ ਨਾਲ ਸਮਝੌਤਾ ਕੀਤਾ ਸੀ।

## ਸਾਬਕਾ ਐਮਪੀ ਰਾਜ ਗਰੇਵਾਲ ਨੇ ਬਰੀ ਹੋਣ ਪਿੱਛੋਂ ਹਰਜਾਨੇ ਲਈ ਕੀਤਾ ਮੁਕੱਦਮਾ

ਓਟਵਾ-ਸਾਬਕਾ ਲਿਬਰਲ ਐਮਪੀ ਰਾਜ ਗਰੇਵਾਲ ਆਪਣੇ ਸਿਆਸੀ ਆਹੁਦੇ ਦੀ ਨਿੱਜੀ ਲਾਭ ਲਈ ਵਰਤੋਂ ਦੇ ਮਾਮਲੇ ਵਿਚ ਬਰੀ ਹੋਣ ਪਿੱਛੋਂ ਆਰਸੀਐਮਪੀ ਅਤੇ ਓਨਟਾਰੀਓ ਦੇ ਅਟਾਰਨੀ ਜਨਰਲ ਤੋਂ ਲੱਖਾਂ ਡਾਲਰ ਹਰਜਾਨੇ ਦੀ ਮੰਗ ਕਰ ਰਹੇ ਹਨ। ਓਨਟਾਰੀਓ ਸੁਪੀਰੀਅਰ ਕੋਰਟ ਵਿਚ ਦਾਇਰ ਦਾਅਵੇ ਵਿਚ ਗਰੇਵਾਲ ਦੇ ਵਕੀਲ ਨੇ ਦੋਸ਼ ਲਗਾਇਆ ਕਿ ਪੁਲਿਸ ਨੇ ਆਪਣੀ ਜਾਂਚ ਵਿਚ ਲਾਪਰਵਾਹੀ ਵਰਤੀ ਸੀ ਅਤੇ ਕਰਾਊਨ ਨੇ ਮੁਕੱਦਮੇ ਦੀ ਗੈਰ-ਵਾਜਬ ਪੈਰਵੀ ਕਰਕੇ ਨਿਰਪੱਖ ਮੁਕੱਦਮੇ ਵਿਚ ਉਸ ਦੇ ਹੱਕ ਦੀ ਉਲੰਘਣਾ ਕੀਤੀ। 2018 ਵਿਚ ਆਪਣੀ ਜੂਏਬਾਜ਼ੀ ਦੀ ਸਮੱਸਿਆ ਸਾਹਮਣੇ ਆਉਣ ਪਿੱਛੋਂ ਗਰੇਵਾਲ ਨੇ ਫੈਡਰਲ ਲਿਬਰਲ ਕੌਕਸ ਨੂੰ ਛੱਡ ਦਿੱਤਾ ਸੀ ਅਤੇ ਅਗਲੇ ਸਾਲ ਬਰੈਂਪਟਨ ਈਸਟ ਤੋਂ ਮੁੜ ਚੋਣ ਨਾ ਲੜਨ ਦੀ ਚੋਣ ਕੀਤੀ ਸੀ। 2020 ਵਿਚ ਆਰਸੀਐਮਪੀ ਨੇ ਉਨ੍ਹਾਂ ਖਿਲਾਫ ਵਿਸ਼ਵਾਸ਼ ਭੰਗ ਕਰਨ ਦੇ ਚਾਰ ਦੋਸ਼ ਅਤੇ 5000 ਡਾਲਰ ਦੇ ਘੁਟਾਲੇ ਦਾ ਇਕ ਦੋਸ਼ ਲਗਾਇਆ ਸੀ।

## ਕਿਸਾਨ ਅੰਦੋਲਨ ਕਾਰਨ ਹਵਾਈ ਟਿਕਟਾਂ ਅਸਮਾਨੀ ਚੜ੍ਹੀਆਂ

ਅੰਮ੍ਰਿਤਸਰ-ਕਿਸਾਨਾਂ ਦੇ ਚੱਲ ਰਹੇ ਸੰਘਰਸ਼ ਕਾਰਨ ਅੰਮ੍ਰਿਤਸਰ-ਦਿੱਲੀ ਸੜਕ ਮਾਰਗ 'ਤੇ ਆਵਾਜਾਈ ਪ੍ਰਭਾਵਿਤ ਹੋਈ ਹੈ। ਇਸ ਕਾਰਨ ਹਵਾਈ ਉਡਾਣਾਂ ਵਿੱਚ ਯਾਤਰੂਆਂ ਦੀ ਗਿਣਤੀ ਵਧ ਗਈ ਤੇ ਹਵਾਈ ਕੰਪਨੀਆਂ ਵੱਲੋਂ ਕਿਰਾਏ ਵਿੱਚ ਵਾਧਾ ਕਰ ਦਿੱਤਾ ਗਿਆ। ਇਸ ਦੌਰਾਨ ਸੜਕ ਮਾਰਗ ਰਾਹੀਂ ਢੋਆ -ਢੁਆਈ ਕਰਨ ਵਾਲੇ ਵਾਹਨਾਂ ਦਾ ਕਿਰਾਇਆ ਵੀ ਵਧਣ ਦੀ ਸੰਭਾਵਨਾ ਹੈ। ਉਧਰ, 15 ਫਰਵਰੀ ਨੂੰ ਕੁਝ ਕਿਸਾਨ ਜਥੇਬੰਦੀਆਂ ਵੱਲੋਂ ਰੇਲ ਆਵਾਜਾਈ ਰੋਕਣ ਦਾ ਵੀ ਐਲਾਨ ਕੀਤਾ ਗਿਆ। ਅਜਿਹੀ ਸਥਿਤੀ ਵਿੱਚ ਦਿੱਲੀ ਜਾਣ ਵਾਲੇ ਲੋਕ ਹਵਾਈ ਮਾਰਗ ਨੂੰ ਤਰਜੀਹ ਦੇ ਰਹੇ ਹਨ। ਉਧਰ, ਹਵਾਈ ਕੰਪਨੀਆਂ ਵੱਲੋਂ ਹਵਾਈ ਉਡਾਣਾਂ ਦਾ ਕਿਰਾਇਆ ਵਧਾ ਦਿੱਤਾ ਗਿਆ। ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਜਥੇਬੰਦੀ ਨੇ ਦਾਅਵਾ ਕੀਤਾ ਕਿ ਅੰਮ੍ਰਿਤਸਰ-ਦਿੱਲੀ ਦਾ ਕਿਰਾਇਆ ਪਹਿਲਾਂ 3500 ਤੋਂ 4000 ਰੁਪਏ ਤੱਕ ਸੀ , ਜੋ ਹੁਣ ਵਧ ਕੇ 12 ਤੋਂ 30 ਹਜ਼ਾਰ ਰੁਪਏ ਤੱਕ ਪੁੱਜ ਗਿਆ ਹੈ।

## ਅਮਰੀਕਾ 'ਚ ਭਾਰਤੀ ਮੂਲ ਦੇ 76 ਸਾਲਾ ਮੋਟਲ ਮਾਲਕ ਦੀ ਗੋਲੀ ਮਾਰ ਕੇ ਹੱਤਿਆ

ਵਾਸ਼ਿੰਗਟਨ-ਅਮਰੀਕਾ ਦੇ ਅਲਬਾਮਾ ਵਿਚ ਕਮਰੇ ਨੂੰ ਲੈ ਕੇ ਹੋਏ ਝਗੜੇ ਤੋਂ ਬਾਅਦ ਗਾਹਕ ਨੇ ਭਾਰਤੀ ਮੂਲ ਦੇ 76 ਸਾਲਾ ਮੋਟਲ ਮਾਲਕ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਸ਼ੈਫੀਲਡ ਦੇ ਹਿਲਕ੍ਰੈਸਟ ਮੋਟਲ ਦੇ ਮਾਲਕ ਪ੍ਰਵੀਨ ਰਾਓਜੀਭਾਈ ਪਟੇਲ ਦੀ ਪਿਛਲੇ ਹਫਤੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। 34 ਸਾਲਾ ਵਿਲੀਅਮ ਜੇਰੇਮੀ ਮੂਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਪਟੇਲ ਨੂੰ ਗੋਲੀ ਮਾਰਨ ਅਤੇ ਮਾਰਨ ਦਾ ਦੋਸ਼ ਲਗਾਇਆ ਗਿਆ ਹੈ। ਪ੍ਰਾਪਤ ਜਾਣਕਾਰੀ ਮੁਤਾਬਕ ਜਦੋਂ ਮੂਰ ਕਮਰਾ ਕਿਰਾਏ 'ਤੇ ਲੈਣ ਲਈ ਮੋਟਲ ਆਇਆ ਤਾਂ ਉਨ੍ਹਾਂ ਵਿੱਚ ਬਹਿਸ ਹੋ ਗਈ।






## ਇਤਿਹਾਸਕ ਪਲਾਂ ਦੇ ਰੂਬਰੂ

# ਕੈਨੇਡਾ ਪਲੇਸ ਨਾਲ ਕਾਮਾਗਾਟਾਮਾਰੂ ਪਲੇਸ (ਗੁਰੂ ਨਾਨਕ ਜਹਾਜ਼) ਦਾ ਨਾਮਕਰਣ

**ਸੁਖਵਿੰਦਰ ਸਿੰਘ ਚੋਹਲਾ**

ਵੈਨਕੂਵਰ ਸਿਟੀ ਵਲੋਂ ਕੈਨੇਡਾ ਦੇ ਇਮੀਗ੍ਰੇਸ਼ਨ ਇਤਿਹਾਸ ਵਿਚ ਬਦਨੁਮਾ ਦਾਗ ਵਜੋਂ ਜਾਣੀ ਜਾਂਦੀ ਕਾਮਾਗਾਟਾਮਾਰੂ ਘਟਨਾ ਨੂੰ ਪਰਵਾਸੀ ਭਾਈਚਾਰਿਆਂ ਦੇ ਦਰਦ ਨੂੰ ਸਮਝਣ, ਇਤਿਹਾਸਕ ਗੁਨਾਹ ਦੀ ਤਲਾਫੀ ਅਤੇ ਰਲਮਿਲਕੇ ਅੱਗੇ ਵਧਣ ਦੇ ਸੰਦੇਸ਼ ਵਜੋਂ ਕੈਨੇਡਾ ਪਲੇਸ ਦਾ ਦੂਸਰਾ ਨਾਮ ਕਾਮਾਗਾਟਾਮਾਰੂ ਪਲੇਸ ( ਗੁਰੂ ਨਾਨਕ ਜਹਾਜ਼) ਰੱਖਣ ਦੀ ਰਸਮ ਨੇ ਜਿਥੇ ਇਕ ਚੰਗਾ ਸੁਨੇਹਾ ਦਿੱਤਾ ਹੈ ਉਥੇ ਕੈਨੇਡਾ ਵਿਚ ਪੰਜਾਬੀ ਤੇ ਸਿੱਖ ਭਾਈਚਾਰੇ ਦੇ ਮਾਣ ਸਨਮਾਨ ਵਿਚ ਵੀ ਵਾਧਾ ਕੀਤਾ ਹੈ।

ਵੈਨਕੂਵਰ ਸਿਟੀ ਦੇ ਮੇਅਰ ਕੇਨ ਸਿਮ ਨੇ ਵੈਨਕੂਵਰ ਵਿਖੇ ਸੈਲਾਨੀਆਂ ਦੀ ਵਿਸ਼ੇਸ਼ ਖਿੱਚ-ਕੇਂਦਰ 'ਕੈਨੇਡਾ ਪਲੇਸ' ਦਾ ਆਨਰੇਰੀ ਨਾਮ 'ਕਾਮਾਗਾਟਾਮਾਰੂ ਪਲੇਸ' ਰੱਖਣ ਦਾ ਉਦਘਾਟਨ ਕੀਤਾ। ਇਸ ਮੌਕੇ ਸਾਊਥ ਏਸ਼ੀਅਨ ਕੈਨੇਡੀਅਨ ਕਮਿਊਨਿਟੀ ਦੇ ਬਹੁਤ ਸਾਰੇ ਪਤਵੰਤੇ ਵੀ ਸ਼ਾਮਲ ਸਨ। ਉਦਘਾਟਨੀ ਰਸਮ ਮੌਕੇ ਮੇਅਰ ਕੇਨ ਸਿਮ ਨੇ ਜੋ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ ਉਸਦੀ ਸ਼ਲਾਘਾ ਕਰਨੀ ਬਣਦੀ ਹੈ। ਉਹਨਾਂ ਕਿਹਾ ਕਿ ਸਾਡੇ ਸਾਂਝੇ ਇਤਿਹਾਸ ਦੇ ਇਸ ਦੁਖਦਾਈ ਅਧਿਆਏ ਨੂੰ ਯਾਦ ਕਰਨ ਲਈ ਕਾਮਾਗਾਟਾਮਾਰੂ ਪਲੇਸ ਵਿਖੇ ਸਾਊਥ ਏਸ਼ੀਆਈ ਕੈਨੇਡੀਅਨ ਭਾਈਚਾਰਿਆਂ ਦੇ ਮੈਂਬਰਾਂ ਦਾ ਇਕੱਠੇ ਹੋਣਾ ਮਾਣ ਵਾਲੀ ਗੱਲ ਹੈ।

ਅਸੀ ਅਤੀਤ ਦੀਆਂ ਘਟਨਾਵਾਂ ਤੋਂ ਕੁਝ ਸਿੱਖਣ ਅਤੇ ਬੇਹਤਰ ਭਵਿੱਖ ਲਈ ਸਾਂਝੇ ਯਤਨਾਂ ਵਾਸਤੇ ਵਚਨਬੱਧ ਹਾਂ।

ਜ਼ਿਕਰਯੋਗ ਹੈ ਕਿ 18 ਮਈ, 2021 ਨੂੰ, ਵੈਨਕੂਵਰ ਸਿਟੀ ਕੌਂਸਲ ਨੇ ਰਸਮੀ ਤੌਰ 'ਤੇ 1914 ਵਿੱਚ ਕਾਮਾਗਾਟਾਮਾਰੂ 'ਤੇ ਸਵਾਰ ਯਾਤਰੀਆਂ ਨਾਲ ਕੀਤੇ ਗਏ ਵਿਤਕਰੇ ਵਿਚ ਨਿਭਾਈ ਭੂਮਿਕਾ ਲਈ ਮੁਆਫੀ ਮੰਗੀ ਸੀ ਅਤੇ 23 ਮਈ ਨੂੰ ਅਧਿਕਾਰਤ ਤੌਰ 'ਤੇ ਕਾਮਾਗਾਟਾਮਾਰੂ ਯਾਦਗਾਰੀ ਦਿਵਸ ਵਜੋਂ ਮਨਾਉਣ ਦਾ ਐਲਾਨ ਕੀਤਾ ਸੀ। ਇਸ ਸਥਾਨ ਦਾ ਨਵਾਂ ਚਿੰਨ੍ਹ ਪੰਜਾਬੀ ਕਲਾਕਾਰ ਜੈਗ ਨਾਗਰਾ ਵਲੋਂ ਬਣਾਇਆ ਗਿਆ ਹੈ। ਲੈਂਪ ਪੋਸਟਾਂ 'ਤੇ ਲਾਏ ਗਏ ਸਟੋਰੀ ਬੋਰਡ ਰਾਹਗੀਰਾਂ ਨੂੰ ਕਲਾਕਾਰੀ ਅਤੇ ਕਾਮਾਗਾਟਾਮਾਰੂ ਤ੍ਰਾਸਦੀ ਦੇ ਇਤਿਹਾਸ ਬਾਰੇ ਜਾਣਨ ਲਈ ਪ੍ਰੇਰਿਤ ਕਰਦੇ ਹਨ।




ਕੈਨੇਡਾ ਦੇ ਇਮੀਗ੍ਰੇਸ਼ਨ ਇਤਿਹਾਸ ਵਿਚ ਕਾਮਾਗਾਟਾਮਾਰੂ ਜਹਾਜ਼ ( ਗੁਰੂ ਨਾਨਕ ਜਹਾਜ਼ ) ਦੀ ਘਟਨਾ 23 ਮਈ 1914 ਵਿਚ ਉਸ ਸਮੇਂ ਵਾਪਰੀ ਜਦੋਂ ਦੇਸ਼ ਭਗਤ ਬਾਬਾ ਗੁਰਦਿੱਤ ਸਿੰਘ ਦੀ ਅਗਵਾਈ ਹੇਠ 376 ਮੁਸਾਫਿਰਾਂ ਨਾਲ ਭਰਿਆ ਇਹ ਜਹਾਜ ਜਿਸ ਵਿਚ ਔਰਤਾਂ ਅਤੇ ਬੱਚਿਆਂ ਸਮੇਤ 340 ਸਿੱਖ, 24 ਮੁਸਲਿਮ ਅਤੇ 12 ਹਿੰਦੂ ਭਾਈਚਾਰੇ ਦੇ ਲੋਕ ਸਵਾਰ ਸਨ, ਦੇ ਵੈਨਕੂਵਰ ਬੰਦਰਗਾਹ ਉਪਰ ਲੱਗਣ ਤੇ ਇਸਨੂੰ ਪੁਲਿਸ ਤੇ ਫੌਜ ਵਲੋਂ ਘੇਰ ਲਿਆ ਗਿਆ ਤੇ ਕਿਸੇ ਵੀ ਮੁਸਾਫਿਰ ਨੂੰ ਥੱਲੇ ਉਤਰਨ ਦੀ ਇਜਾਜ਼ਤ ਨਾ ਦਿੱਤੀ ਗਈ । ਇਹ ਜਹਾਜ਼ ਲਗਪਗ 2 ਮਹੀਨੇ ਬੰਦਰਗਾਹ ਉਪਰ ਲੱਗਾ ਰਿਹਾ ਜਿਸ ਦੌਰਾਨ ਮੁਸਾਫਿਰਾਂ ਨੂੰ ਭੁੱਖ, ਬੀਮਾਰੀ ਤੇ ਹੋਰ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਆਖਰ ਇਕ ਸਮਝੌਤੇ ਤਹਿਤ ਕੇਵਲ 20 ਮੁਸਾਫਿਰਾਂ ਨੂੰ ਕੈਨੇਡਾ ਵਿਚ ਦਾਖਲ ਹੋਣ ਦੀ ਇਜਾਜਤ ਦਿੱਤੀ ਗਈ ਤੇ ਬਾਕੀ ਪੂਰਾ ਜਹਾਜ਼ ਵਾਪਿਸ ਮੋੜ ਦਿੱਤਾ ਗਿਆ। ਜਦੋਂ ਇਹ ਜਹਾਜ ਭਾਰਤ ਵਿਚ ਕਲਕੱਤਾ ਦੀ ਬੰਦਰਗਾਹ ਤੇ ਪੁੱਜਾ ਤਾਂ ਬ੍ਰਿਟਿਸ਼ ਪੁਲਿਸ ਨੇ ਮੁਸਾਫਿਰਾਂ ਨੂੰ ਗ੍ਰਿਫਤਾਰ ਕਰਨ ਦੀ ਕੋਸ਼ਿਸ ਕੀਤੀ। ਗੋਲੀ ਚੱਲੀ ਤੇ 19 ਮੁਸਾਫਿਰ ਮਾਰੇ ਗਏ ਜਦੋਂਕਿ 200 ਨੂੰ ਗ੍ਰਿਫਤਾਰ ਕਰ ਲਿਆ ਗਿਆ ਜਿਹਨਾਂ ਨੂੰ ਲੰਬੀਆਂ ਸਜਾਵਾਂ ਸੁਣਾਕੇ ਜੇਲ ਵਿਚ ਬੰਦ ਕਰ ਦਿੱਤਾ ਗਿਆ।

ਕੈਨੇਡਾ ਦੇ ਇਤਿਹਾਸ ਵਿਚ ਇਸ ਘਟਨਾ ਨੂੰ ਲੈਕੇ ਮਾਨਵੀ ਹੱਕਾਂ ਦੇ ਘੋਰ ਉਲੰਘਣ ਵਜੋਂ ਯਾਦ ਕੀਤਾ ਜਾਂਦਾ ਹੈ। ਸਮੇਂ ਦੀ ਸਰਕਾਰ ਵਲੋਂ ਪ੍ਰਵਾਸੀਆਂ ਨਾਲ ਕੀਤੀ ਗਈ ਇਸ ਜਿਆਦਤੀ ਦੇ ਗੁਨਾਹ ਦੀ ਤਲਾਫੀ ਵਜੋਂ ਸਾਬਕਾ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਤੇ ਉਪਰੰਤ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਪਾਰਲੀਮੈਂਟ ਵਿਚ ਮੁਆਫੀ ਮੰਗ ਚੁੱਕੇ ਹਨ। ਕਾਮਾਗਾਟਾਮਾਰੂ ਘਟਨਾ ਦੀ ਯਾਦ ਵਿਚ ਵੈਨਕੂਵਰ ਬੰਦਰਗਾਹ ਉਪਰ ਪਹਿਲਾਂ ਹੀ ਯਾਦਗਾਰ ਉਸਾਰੀ ਗਈ ਹੈ। ਪਰ ਹੁਣ ਵੈਨਕੂਵਰ ਸਿਟੀ ਵਲੋਂ ਕੈਨੇਡਾ ਪਲੇਸ ਦਾ ਨਾਮ ਕਾਮਾਗਾਟਾਮਾਰੂ ਪਲੇਸ ਰੱਖੇ ਜਾਣ ਨੂੰ ਇਕ ਸੱਚੀ ਤੇ ਉਚਿਤ ਸ਼ਰਧਾਂਜਲੀ ਵਜੋ ਵੇਖਿਆ ਜਾ ਰਿਹਾ ਹੈ। ਇਸ ਨਾਮਕਰਣ ਪਿੱਛੇ ਜੋ ਵੀ ਸੰਸਥਾਵਾਂ ਜਾਂ ਲੋਕਾਂ ਨੇ ਭੂਮਿਕਾ ਨਿਭਾਈ ਹੈ, ਉਹ ਵਧਾਈ ਦੇ ਹੱਕਦਾਰ ਹਨ। ਇਸ ਘਟਨਾ ਨੂੰ ਹੁਣ ਤੱਕ ਜਪਾਨੀ ਜਹਾਜ਼ ਕਾਮਾਗਾਟਾਮਾਰੂ ਦੇ ਨਾਮ ਵਜੋਂ ਹੀ ਯਾਦ ਕੀਤਾ ਜਾਂਦਾ ਹੈ। ਜਦੋਂਕਿ ਇਤਿਹਾਸ ਵਿਚ ਜਿਕਰ ਹੈ ਕਿ ਬਾਬਾ ਗੁਰਦਿੱਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਨੇ ਅੰਗੇਰਜ ਹਕੂਮਤ ਦੀ ਸ਼ਰਤ ਕਿ ਕੋਈ ਵੀ ਭਾਰਤੀ ਸਿੱਧੀ ਯਾਤਰਾ ਤਹਿਤ ਹੀ ਕੈਨੇਡਾ ਆ ਸਕਦਾ ਹੈ, ਨੂੰ ਧਿਆਨ ਵਿਚ ਰੱਖਦਿਆਂ ਇਹ ਜ਼ਹਾਜ ਜਾਪਾਨੀ ਕੰਪਨੀ ਤੋਂ ਕਿਰਾਏ ਤੇ ਲਿਆ ਸੀ ਜਿਸਦਾ ਨਾਮ ਗੁਰੂ ਨਾਨਕ ਜਹਾਜ਼ ਰੱਖਿਆ ਗਿਆ ਸੀ। ਅੱਜ ਕਾਮਾਗਾਟਾਮਾਰੂ ਪਲੇਸ ਦੇ ਨਾਮਕਰਣ ਨਾਲ ਗੁਰੂ ਨਾਨਕ ਜਹਾਜ਼ ਦਾ ਉਲੇਖ ਪੰਜਾਬੀਆਂ ਤੇ ਸਿੱਖਾਂ ਵਲੋਂ ਕਿਸੇ ਵੀ ਮੁਹਿਮ ਲਈ ਗੁਰੂ ਨਾਨਕ ਨਾਮ ਦਾ ਓਟ ਆਸਰਾ ਲੈਣ ਦੀ ਆਸਥਾ ਨੂੰ ਪਕੇਰਾ ਕਰਦਾ ਹੈ।

ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart &Stroke

BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.

REAL ESTATE BUY & SELL
KULWANT ATWAL 604-716-2135

MORTGAGES 1st, 2nd or Private
BHAJAN ATWAL 604-773-8426

BUILD WITH WARRANTY
BUILD, SUPPORT & ADVICE TEAM WORK
604-773-8426
604-594-7592



Save Commissions & Get Sold Guaranteed
We Help Buyers With Cash Back
Buy, Sell, Mortgage or Build With Us:



amex A Mark of EXcellence
CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House To Sell & Save Thousands Dollars & Guaranteed Sold"

Residential
Construction
Commercial
New Immigrants
Self Employed

Private Mortgages
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages
604-716-2135 604-773-8426

# ਮਹਾਰਾਸ਼ਟਰ ਸਰਕਾਰ ਨੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਐਕਟ ਵਿਚ ਸੋਧ ਰੋਕੀ

ਅੰਮ੍ਰਿਤਸਰ-ਮਹਾਰਾਸ਼ਟਰ ਸਰਕਾਰ ਵੱਲੋਂ ਤਖਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕ ਕਮੇਟੀ ਨਾਲ ਸਬੰਧਤ ਐਕਟ ਵਿੱਚ ਕੀਤੀ ਸੋਧ ਦਾ ਮਾਮਲਾ ਹਾਲ ਦੀ ਘੜੀ ਰੋਕ ਦਿੱਤਾ ਗਿਆ ਹੈ। ਮਹਾਰਾਸ਼ਟਰ ਸਰਕਾਰ ਦੇ ਉਪ ਮੁੱਖ ਮੰਤਰੀ ਦੇਵਿੰਦਰ ਫੜਨਵੀਸ ਨੇ ਇਸ ਦਾ ਖੁਲਾਸਾ ਕੀਤਾ ਹੈ। ਉਨ੍ਹਾਂ ਇਸ ਸਬੰਧੀ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਲਿਖਿਆ ਕਿ 5 ਫਰਵਰੀ ਨੂੰ ਮਹਾਰਾਸ਼ਟਰ ਦੀ ਕੈਬਨਿਟ ਵੱਲੋਂ ਤਖਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਸਬੰਧੀ ਕੀਤੇ ਫ਼ੈਸਲੇ ਨੂੰ ਫਿਲਹਾਲ ਰੋਕ ਦਿੱਤਾ ਗਿਆ ਹੈ। ਫੈਸਲਾ ਕੀਤਾ ਗਿਆ ਹੈ ਕਿ ਇਸ ਮਾਮਲੇ ਸਬੰਧੀ ਪਹਿਲਾਂ ਇੱਕ ਸਬ-ਕਮੇਟੀ ਬਣਾਈ ਜਾਵੇਗੀ ਜੋ ਵੱਖ-ਵੱਖ ਸਬੰਧਤ ਧਿਰਾਂ ਨਾਲ ਵਿਚਾਰ-ਚਰਚਾ ਕਰੇਗੀ। ਫਿਰ ਫ਼ੈਸਲਾ ਲਿਆ ਜਾਵੇਗਾ। ਇਸ ਦੀ ਪੁਸ਼ਟੀ ਭਾਜਪਾ ਦੇ ਕੌਮੀ ਬੁਲਾਰੇ ਆਰ ਪੀ ਸਿੰਘ ਨੇ ਵੀ ਕੀਤੀ ਹੈ। ਉਨ੍ਹਾਂ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਲਿਖਿਆ ਕਿ ਇਸ ਸਬੰਧੀ ਉਪ ਮੁੱਖ ਮੰਤਰੀ ਨਾਲ ਗੱਲਬਾਤ ਹੋਈ ਹੈ ਜਿਨ੍ਹਾਂ ਨੇ ਦੱਸਿਆ ਕਿ ਨਾਂਦੇੜ ਸਾਹਿਬ ਗੁਰਦੁਆਰਾ ਸੋਧ ਬਿਲ ਨੂੰ ਫਿਲਹਾਲ ਰੋਕ ਦਿੱਤਾ ਗਿਆ। ਇਸ ਬਾਰੇ ਪਹਿਲਾਂ ਵਿਸਥਾਰ ਵਿੱਚ ਚਰਚਾ ਮਗਰੋਂ ਕੋਈ ਫ਼ੈਸਲਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮਹਾਰਾਸ਼ਟਰ ਸਰਕਾਰ ਨੇ ਇਹ ਵੀ ਸਪਸ਼ਟ ਕੀਤਾ ਕਿ ਉਨ੍ਹਾਂ ਦਾ ਗੁਰਦੁਆਰਾ ਪ੍ਰਬੰਧ 'ਤੇ ਕਬਜ਼ਾ ਕਰਨ ਦਾ ਕੋਈ ਇਰਾਦਾ ਨਹੀਂ। ਦੱਸਣਯੋਗ ਹੈ ਕਿ 5 ਫਰਵਰੀ ਨੂੰ ਮਹਾਰਾਸ਼ਟਰ ਸਰਕਾਰ ਵੱਲੋਂ ਨਾਂਦੇੜ ਸਿੱਖ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਬੋਰਡ ਐਕਟ 1956 ਵਿੱਚ ਸੋਧ ਕੀਤੀ ਗਈ ਸੀ। ਇਸ ਤਹਿਤ ਸੂਬਾ ਸਰਕਾਰ ਵੱਲੋਂ ਨਾਮਜ਼ਦ ਕੀਤੇ ਜਾਣ ਵਾਲੇ ਬੋਰਡ ਦੇ ਮੈਂਬਰਾਂ ਦੀ ਗਿਣਤੀ ਵਧਾ ਕੇ 12 ਕਰ ਦਿੱਤੀ ਗਈ ਸੀ। ਇਸ ਬਿੱਲ ਮੁਤਾਬਕ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਦੀ ਗਿਣਤੀ ਵੀ ਚਾਰ ਤੋਂ ਘਟਾ ਕੇ ਦੋ ਕਰ ਦਿੱਤੀ ਸੀ। ਇਸੇ ਤਰ੍ਹਾਂ ਚੀਫ ਖਾਲਸਾ ਦੀਵਾਨ ਅਤੇ ਨਾਂਦੇੜ ਦੀ ਸਿੱਖ ਜਥੇਬੰਦੀ ਦੀ ਨਾਮਜਦਗੀ ਖਤਮ ਕਰ ਦਿੱਤੀ ਗਈ ਸੀ। ਸਰਕਾਰ ਦੇ ਇਸ ਫੈਸਲੇ ਦਾ ਤਖਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੇ ਸਿੰਘ ਸਾਹਿਬਾਨ, ਸੰਗਤ, ਸ਼੍ਰੋਮਣੀ ਕਮੇਟੀ ਅਤੇ ਹੋਰ ਸਿੱਖ ਜਥੇਬੰਦੀਆਂ ਵੱਲੋਂ ਸਖ਼ਤ ਵਿਰੋਧ ਕੀਤਾ ਗਿਆ ਸੀ।

# ਸਿਹਤ ਤੇ ਵਧਦੀ ਉਮਰ ਕਾਰਨ ਲੋਕ ਸਭਾ ਚੋਣ ਨਹੀਂ ਲੜੇਗੀ ਸੋਨੀਆ ਗਾਂਧੀ

ਨਵੀਂ ਦਿੱਲੀ-ਕਾਂਗਰਸ ਸੰਸਦੀ ਦਲ ਦੀ ਮੁਖੀ ਸੋਨੀਆ ਗਾਂਧੀ ਨੇ ਆਪਣੇ ਹਲਕੇ ਰਾਏਬਰੇਲੀ ਦੇ ਲੋਕਾਂ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਉਹ ਸਿਹਤ ਅਤੇ ਵਧਦੀ ਉਮਰ ਕਾਰਨ ਆਉਣ ਵਾਲੀਆਂ ਲੋਕ ਸਭਾ ਚੋਣਾਂ ਨਹੀਂ ਲੜਨਗੇ। ਉਨ੍ਹਾਂ ਰਾਏਬਰੇਲੀ ਦੇ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਭਾਵੇਂ ਉਹ ਸਿੱਧੇ ਤੌਰ 'ਤੇ ਉਨ੍ਹਾਂ ਦੀ ਨੁਮਾਇੰਦਗੀ ਨਾ ਕਰਨ ਪਰ ਉਨ੍ਹਾਂ ਦਾ ਦਿਲ ਹਮੇਸ਼ਾ ਉਥੋਂ ਦੇ ਲੋਕਾਂ ਦੇ ਨਾਲ ਰਹੇਗਾ।




# ਮੋਦੀ ਵੱਲੋਂ ਅਬੂ ਧਾਬੀ ਵਿਚ ਪਹਿਲੇ ਮੰਦਰ ਦਾ ਉਦਘਾਟਨ

ਅਬੂ ਧਾਬੀ-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਵਾਮੀਨਾਰਾਇਣ ਸੰਪਰਦਾ ਦੇ ਅਹੁਦੇਦਾਰਾਂ ਦੀ ਹਾਜ਼ਰੀ 'ਚ ਮੰਤਰਾਂ ਦੇ ਉਚਾਰਨ ਦਰਮਿਆਨ ਅਬੂ ਧਾਬੀ ਦੇ ਪਹਿਲੇ ਮੰਦਰ ਦਾ ਉਦਘਾਟਨ ਕੀਤਾ। ਹਲਕੇ ਗੁਲਾਬੀ ਰੰਗ ਦਾ ਰੇਸ਼ਮੀ ਕੁੜਤਾ ਪਜਾਮਾ, ਬਿਨ੍ਹਾਂ ਬਾਂਹ ਵਾਲੀ ਜੈਕੇਟ ਅਤੇ ਪਟਕਾ ਪਹਿਨੇ ਹੋਏ ਪ੍ਰਧਾਨ ਮੰਤਰੀ ਨੇ ਮੰਦਰ ਦੇ ਉਦਘਾਟਨੀ ਸਮਾਗਮ 'ਚ ਪੂਜਾ ਵੀ ਕੀਤੀ। ਉਨ੍ਹਾਂ 'ਗਲੋਬਲ ਆਰਤੀ' 'ਚ ਵੀ ਹਿੱਸਾ ਲਿਆ ਜੋ ਬੋਚਾਸਨਵਾਸੀ ਸ੍ਰੀ ਅਕਸ਼ਰ ਪੁਰਸ਼ੋਤਮ ਸਵਾਮੀਨਾਰਾਇਣ ਸੰਸਥਾ (ਬੀਏਪੀਐੱਸ) ਵੱਲੋਂ ਦੁਨੀਆ ਭਰ 'ਚ ਬਣੇ ਸਵਾਮੀਨਾਰਾਇਣ ਸੰਪਰਦਾ ਦੇ 1200 ਤੋਂ ਵੱਧ ਮੰਦਰਾਂ 'ਚ ਇਕੋ ਸਮੇਂ ਕਰਵਾਈ ਗਈ। ਇਸ ਤੋਂ ਪਹਿਲਾਂ ਮੋਦੀ ਨੇ ਇਥੇ ਪਹਿਲੇ ਮੰਦਰ ਦੇ ਨਿਰਮਾਣ 'ਚ ਯੋਗਦਾਨ ਦੇਣ ਵਾਲੇ ਵੱਖ ਵੱਖ ਸੰਪਰਦਾਵਾਂ ਦੇ ਲੋਕਾਂ ਨਾਲ ਮੁਲਾਕਾਤ ਕੀਤੀ। ਦੁਬਈ-ਅਬੂ ਧਾਬੀ ਸ਼ੇਖ਼ ਜ਼ਾਯਦ ਰਾਜਮਾਰਗ 'ਤੇ ਅਲ ਰਾਹਬਾ ਕੋਲ 27 ਏਕੜ ਰਕਬੇ 'ਚ ਕਰੀਬ 700 ਕਰੋੜ ਰੁਪਏ ਦੀ ਲਾਗਤ ਨਾਲ ਬਣਾਏ ਗਏ ਮੰਦਰ ਦੇ ਉਦਘਾਟਨ ਦੀ ਪ੍ਰਕਿਰਿਆ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਧਾਨ ਮੰਤਰੀ ਨੇ ਮੰਦਰ 'ਚ ਤਿਆਰ ਕੀਤੇ ਗਏ ਗੰਗਾ ਅਤੇ ਯਮੁਨਾ ਦਰਿਆਵਾਂ 'ਚ ਜਲ ਅਰਪਣ ਵੀ ਕੀਤਾ। ਮੰਦਰ ਦੇ ਸੇਵਕ ਉਮੇਸ਼ ਰਾਜਾ ਮੁਤਾਬਕ 20 ਹਜ਼ਾਰ ਟਨ ਤੋਂ ਵਧ ਚੂਨਾ ਪੱਥਰ ਦੇ ਟੁੱਕੜਿਆਂ ਨੂੰ ਰਾਜਸਥਾਨ 'ਚ ਤਰਾਸ਼ਿਆ ਗਿਆ ਅਤੇ 700 ਕੰਟੇਨਰਾਂ 'ਚ ਅਬੂ ਧਾਬੀ ਲਿਆਂਦਾ ਗਿਆ ਸੀ।

ਓਸ਼ਨ ਵਿਊ ਫਿਸ਼ ਕੈਨਰੀ
OCEAN VIEW FISH CANNERY
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।
ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

604-594-0616



# ਸ਼ਾਹਬਾਜ਼ ਸ਼ਰੀਫ਼ ਬਣ ਸਕਦੇ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ

ਇਸਲਾਮਾਬਾਦ-ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀਐੱਮਐੱਲ-ਐੱਨ) ਸੁਪਰੀਮੋ ਨਵਾਜ਼ ਸ਼ਰੀਫ਼ ਦਾ ਛੋਟਾ ਭਰਾ ਸ਼ਾਹਬਾਜ਼ ਸ਼ਰੀਫ਼ ਮੁਲਕ ਦਾ ਨਵਾਂ ਪ੍ਰਧਾਨ ਮੰਤਰੀ ਬਣ ਸਕਦਾ ਹੈ। ਪਾਰਟੀ ਦੀ ਸੀਨੀਅਰ ਮੀਤ ਪ੍ਰਧਾਨ ਮਰੀਅਮ ਨਵਾਜ਼ ਨੂੰ ਪੰਜਾਬ ਦੇ ਮੁੱਖ ਮੰਤਰੀ ਅਹੁਦੇ ਲਈ ਨਾਮਜ਼ਦ ਕੀਤਾ ਗਿਆ ਹੈ। ਸ਼ਾਹਬਾਜ਼ (72) ਅਪਰੈਲ 2022 'ਚ ਇਮਰਾਨ ਖ਼ਾਨ ਦੀ ਅਗਵਾਈ ਹੇਠਲੀ ਸਰਕਾਰ ਨੂੰ ਸੱਤਾ ਤੋਂ ਲਾਂਭੇ ਕੀਤੇ ਜਾਣ ਮਗਰੋਂ ਪ੍ਰਧਾਨ ਮੰਤਰੀ ਬਣੇ ਸਨ। ਮੰਨਿਆ ਜਾ ਰਿਹਾ ਹੈ ਕਿ ਪੀਐੱਮਐੱਲ-ਐੱਨ ਨੂੰ ਪਾਕਿਸਤਾਨੀ ਫ਼ੌਜ ਦੀ ਹਮਾਇਤ ਪ੍ਰਾਪਤ ਹੈ। ਕਿਸੇ ਵੀ ਪਾਰਟੀ ਨੂੰ ਬਹੁਮਤ ਨਾ ਮਿਲਣ ਮਗਰੋਂ ਪੀਐੱਮਐੱਲ-ਐੱਨ ਦੀ ਅਗਵਾਈ ਹੇਠ ਹੋਰ ਪਾਰਟੀਆਂ ਗੱਠਜੋੜ ਸਰਕਾਰ ਬਣਾ ਸਕਦੀਆਂ ਹਨ। ਪੀਐੱਮਐੱਲ-ਐੱਨ ਨੇ ਮੰਗਲਵਾਰ ਰਾਤ ਨਵਾਜ਼ ਦੀ ਥਾਂ 'ਤੇ ਸ਼ਾਹਬਾਜ਼ ਨੂੰ ਪ੍ਰਧਾਨ ਮੰਤਰੀ ਅਹੁਦੇ ਦਾ ਉਮੀਦਵਾਰ ਐਲਾਨ ਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਇਸ ਤੋਂ ਪਹਿਲਾਂ ਸ਼ਾਹਬਾਜ਼ ਪਾਕਿਸਤਾਨ ਪੀਪਲਜ਼ ਪਾਰਟੀ ਦੇ ਆਸਿਫ਼ ਅਲੀ ਜ਼ਰਦਾਰੀ, ਮੁਤਾਹਿਦਾ ਕੌਮੀ ਮੂਵਮੈਂਟ ਪਾਕਿਸਤਾਨ ਦੇ ਖਾਲਿਦ ਮਕਬੂਲ ਸਿੱਦੀਕੀ ਨਾਲ ਪਾਕਿਸਤਾਨ ਮੁਸਲਿਮ ਲੀਗ-ਕਿਊ ਦੇ ਸ਼ੁਜਾਤ ਹੁਸੈਨ ਦੀ ਰਿਹਾਇਸ਼ 'ਤੇ ਮਿਲੇ ਅਤੇ ਸਰਕਾਰ ਬਣਾਉਣ 'ਤੇ ਸਹਿਮਤੀ ਪ੍ਰਗਟਾਈ। ਸ਼ਾਹਬਾਜ਼ ਨੇ ਕਿਹਾ ਕਿ ਨਵੀਂ ਸਰਕਾਰ ਦੇਸ਼ ਨੂੰ ਮੁਸ਼ਕਲ 'ਚੋਂ ਬਾਹਰ ਕੱਢੇਗੀ। ਪਾਕਿਸਤਾਨ ਦੇ ਚੋਣ ਕਮਿਸ਼ਨ ਮੁਤਾਬਕ ਛੇ ਪਾਰਟੀਆਂ ਪੀਐੱਮਐੱਲ-ਐੱਨ, ਪੀਪੀਪੀ, ਐੱਮਕਿਊਐੱਮ-ਪੀ, ਪੀਐੱਮਐੱਲ-ਕਿਊ, ਆਈਪੀਪੀ ਅਤੇ ਬਲੋਚਿਸਤਾਨ ਅਵਾਮੀ ਪਾਰਟੀ ਵੱਲੋਂ ਜਿੱਤੀਆਂ ਗਈਆਂ ਸੀਟਾਂ ਦੀ ਕੁੱਲ ਗਿਣਤੀ 152 ਬਣਦੀ ਹੈ। ਇਸ ਤੋਂ ਸਪੱਸ਼ਟ ਹੈ ਕਿ ਕੇਂਦਰ 'ਚ ਸਰਕਾਰ ਬਣਾਉਣ ਲਈ ਲੋੜੀਂਦੇ 169 ਮੈਂਬਰਾਂ ਦਾ ਟੀਚਾ ਆਸਾਨੀ ਨਾਲ ਹਾਸਲ ਕਰ ਲਿਆ ਜਾਵੇਗਾ।

# ਤਾਮਿਲਨਾਡੂ ਵਿਧਾਨ ਸਭਾ ਵੱਲੋਂ ਕੇਂਦਰ ਦੀ 'ਇੱਕ ਦੇਸ਼, ਇੱਕ ਚੋਣ' ਨੀਤੀ ਖ਼ਿਲਾਫ਼ ਮਤਾ ਪਾਸ

ਚੇਨੱਈ-ਤਾਮਿਲਨਾਡੂ ਵਿਧਾਨ ਸਭਾ ਨੇ ਕੇਂਦਰ ਦੀ ਤਜਵੀਜ਼ਤ 'ਇੱਕ ਦੇਸ਼, ਇੱਕ ਚੋਣ' ਨੀਤੀ ਖ਼ਿਲਾਫ਼ ਮਤਾ ਪਾਸ ਕੀਤਾ ਅਤੇ ਇਸ ਨੂੰ ਗੈਰ-ਵਿਹਾਰਕ ਤੇ ਗ਼ੈਰ-ਜਮਹੂਰੀ ਕਰਾਰ ਦਿੱਤਾ। ਵਿਧਾਨ ਸਭਾ ਨੇ ਹੱਦਬੰਦੀ ਪ੍ਰਕਿਰਿਆ 'ਤੇ ਵੀ ਇੱਕ ਮਤਾ ਪਾਸ ਕੀਤਾ ਜਿਸ ਵਿੱਚ ਕਿਹਾ ਗਿਆ ਹੈ ਕਿ ਜੇਕਰ ਇਸ ਨੂੰ ਲਾਜ਼ਮੀ ਕਾਰਨਾਂ ਕਰ ਕੇ ਲਾਗੂ ਕੀਤਾ ਵੀ ਜਾਂਦਾ ਹੈ ਤਾਂ ਇਸ ਕਵਾਇਦ ਲਈ 1971 ਦੀ ਜਨਗਣਨਾ ਮਾਨਦੰਡ ਹੋਣੀ ਚਾਹੀਦੀ ਹੈ।



ਮੁੱਖ ਮੰਤਰੀ ਐੱਮ.ਕੇ. ਸਟਾਲਿਨ ਨੇ ਦੋਵੇਂ ਪ੍ਰਸਤਾਵ ਪੇਸ਼ ਕਰਦਿਆਂ 'ਇੱਕ ਦੇਸ਼, ਇੱਕ ਚੋਣ' ਦੀ ਤਜਵੀਜ਼ ਨੂੰ 'ਮਨਮਰਜ਼ੀ' ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਅਗਲੀ ਜਨਗਣਨਾ (ਜੋ ਲੋਕ ਸਭਾ ਚੋਣਾਂ ਤੋਂ ਬਾਅਦ ਕਰਵਾਈ ਜਾ ਸਕਦੀ ਹੈ) ਦੇ ਆਧਾਰ 'ਤੇ ਹੱਦਬੰਦੀ ਪ੍ਰਕਿਰਿਆ 2026 ਤੋਂ ਬਾਅਦ ਜਾਰੀ ਰੱਖਣ ਦਾ ਪ੍ਰਸਤਾਵਿਤ ਕਦਮ ਇੱਕ ਸਾਜ਼ਿਸ਼ ਹੈ। ਕਾਂਗਰਸ, ਵੀਸੀਕੇ, ਐੱਮਡੀਐੱਮਕੇ ਅਤੇ ਖੱਬੇਪੱਖੀ ਪਾਰਟੀਆਂ ਦੇ ਵਿਧਾਇਕਾਂ ਨੇ ਸਰਕਾਰ ਦੇ ਦੋਵੇਂ ਮਤਿਆਂ ਦੀ ਸਮਰਥਨ ਕੀਤਾ। ਦੋਵੇਂ ਮਤੇ ਜ਼ੁਬਾਨੀ ਵੋਟ ਨਾਲ ਪਾਸੇ ਕੀਤੇ ਗਏ। ਵਿਧਾਨ ਸਭਾ ਸਪੀਕਰ ਐੱਮ. ਅੱਪਾਵੂ ਨੇ ਆਮ ਸਹਿਮਤੀ ਨਾਲ ਮਤੇ ਪਾਸ ਹੋਣ ਦਾ ਐਲਾਨ ਕੀਤਾ। ਸਟਾਲਿਨ ਨੇ ਆਖਿਆ ਕਿ ਇਸ ਨਾਲ ਤਾਮਿਲਨਾਡੂ ਅਤੇ ਦੱਖਣੀ ਸੂਬਿਆਂ ਵਿੱਚ ਚੁਣੇ ਹੋਏ ਨੁਮਾਇੰਦਿਆਂ ਦੀ ਗਿਣਤੀ 'ਚ ਗਿਰਾਵਟ ਆਵੇਗੀ। ਲੰਘੇ ਸਾਲ ਮਾਰਚ 'ਚ ਤਤਕਾਲੀ ਕੇਂਦਰੀ ਕਾਨੂੰਨ ਤੇ ਨਿਆਂ ਮੰਤਰੀ ਕਿਰਨ ਰਿਜਿਜੂ ਨੇ ਰਾਜ ਸਭਾ ਵਿੱਚ ਆਖਿਆ ਸੀ ਕਿ ਅਗਲੀ ਹੱਦਬੰਦੀ ਪ੍ਰਕਿਰਿਆ 2026 ਤੋਂ ਬਾਅਦ ਹੋਣ ਵਾਲੀ ਪਹਿਲੀ ਜਨਗਣਨਾ ਤੋਂ ਬਾਅਦ ਕੀਤੀ ਜਾ ਸਕਦੀ ਹੈ। ਤਾਮਿਲਨਾਡੂ ਦੇ ਮੁੱਖ ਮੰਤਰੀ ਐੱਮ.ਕੇ. ਸਟਾਲਿਨ ਨੇ ਆਖਿਆ, "ਇੱਕ ਦੇਸ਼, ਇੱਕ ਚੋਣ' ਗੈਰ-ਵਿਹਾਰਕ ਅਤੇ ਸੰਵਿਧਾਨ ਦੀ ਮੂਲ ਰੂਪ-ਰੇਖਾ ਦੇ ਖ਼ਿਲਾਫ਼ ਹੈ। ਇਹ ਆਜ਼ਾਦ ਤੇ ਨਿਰਪੱਖ ਚੋਣ ਦੀ ਸੰਵਿਧਾਨ ਵਿੱਚ ਦਿੱਤੀ ਗਈ ਗਾਰੰਟੀ ਦੇ ਪੂਰੀ ਤਰ੍ਹਾਂ ਵਿਰੁੱਧ ਹੈ।" ਉਨ੍ਹਾਂ ਆਖਿਆ ਇਸ ਤਜਵੀਜ਼ ਨਾਲ ਸੂਬਾਈ ਵਿਧਾਨ ਸਭਾਵਾਂ ਨੂੰ ਸਮੇਂ ਤੋਂ ਪਹਿਲਾਂ ਭੰਗ ਕੀਤਾ ਜਾ ਸਕਦਾ ਹੈ ਜੋ ਸੰਵਿਧਾਨ ਦੇ ਖ਼ਿਲਾਫ਼ ਹੈ।

# ਰਾਤ ਦੇ ਹਨੇਰੇ ਵਿਚ ਫ਼ਤਵਾ ਚੋਰੀ ਕੀਤਾ-ਇਮਰਾਨ ਖ਼ਾਨ

ਲਾਹੌਰ-ਜੇਲ੍ਹ 'ਚ ਬੰਦ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਨੇ ਦੋਸ਼ ਲਾਇਆ ਹੈ ਕਿ ਰਾਤ ਦੇ ਹਨੇਰੇ 'ਚ ਉਨ੍ਹਾਂ ਦੇ ਪੱਖ 'ਚ ਆਏ ਫ਼ਤਵੇ ਨੂੰ ਚੋਰੀ ਕਰ ਲਿਆ ਗਿਆ ਹੈ। ਪਾਰਟੀ ਦੇ ਕੇਂਦਰੀ ਸੂਚਨਾ ਸਕੱਤਰ ਰਾਊਫ਼ ਹਸਨ ਨੇ 'ਐਕਸ' 'ਤੇ ਕਿਹਾ ਕਿ ਪਾਕਿਸਤਾਨ ਨੂੰ ਵਧੇਰੇ ਅਸਥਿਰਤਾ ਦੇ ਰਾਹ ਪਾਇਆ ਜਾ ਰਿਹਾ ਹੈ। ਪੀਐੱਮਐੱਲ-



ਐੱਨ ਦੀ ਅਗਵਾਈ ਹੇਠ ਸੰਭਾਵੀ ਗੱਠਜੋੜ ਸਰਕਾਰ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਅਪਰਾਧੀਆਂ ਦੇ ਝੁੰਡ ਵੱਲੋਂ ਸਰਕਾਰ ਦੇ ਗਠਨ ਦਾ ਫ਼ੈਸਲਾ ਦੇਸ਼ ਦੀਆਂ ਚੁਣੌਤੀਆਂ 'ਚ ਵਾਧੇ ਦਾ ਸੰਕੇਤ ਹੈ। ਉਨ੍ਹਾਂ ਕਿਹਾ ਕਿ ਨਿਯਮਾਂ ਨੂੰ ਛਿੱਕੇ ਟੰਗ ਕੇ ਨਵੀਂ ਸਰਕਾਰ ਦਾ ਗਠਨ ਹੋਣ ਜਾ ਰਿਹਾ ਹੈ। ਹਸਨ ਨੇ ਕਿਹਾ ਕਿ ਸੱਤਾ ਉਨ੍ਹਾਂ ਹਵਾਲੇ ਕਰਨੀ ਚਾਹੀਦੀ ਹੈ ਜਿਨ੍ਹਾਂ ਨੂੰ ਲੋਕਾਂ ਨੇ ਆਪਣੇ ਆਗੂ ਚੁਣਿਆ ਹੈ।



# ਰਾਹੁਲ ਗਾਂਧੀ ਨੇ ਜ਼ਖ਼ਮੀ ਕਿਸਾਨ ਦੀ ਫ਼ੋਨ ਉੱਤੇ ਲਈ ਖ਼ਬਰਸਾਰ



ਰਾਜਪੁਰਾ-ਕਾਂਗਰਸ ਆਗੂ ਰਾਹੁਲ ਗਾਂਧੀ ਨੇ 'ਦਿੱਲੀ ਚਲੋ' ਮਾਰਚ ਦੌਰਾਨ ਸ਼ੰਭੂ ਬਾਰਡਰ 'ਤੇ ਹਰਿਆਣਾ ਪੁਲੀਸ ਦੀ ਕਾਰਵਾਈ ਵਿਚ ਜ਼ਖ਼ਮੀ ਹੋਏ ਕਿਸਾਨ ਨਾਲ ਫੋਨ 'ਤੇ ਗੱਲਬਾਤ ਕਰਕੇ ਉਸ ਦੀ ਖ਼ਬਰਸਾਰ ਲਈ। ਗਾਂਧੀ ਨੇ ਮੋਦੀ ਸਰਕਾਰ ਉੱਤੇ ਦੇਸ਼ ਦੇ ਅੰਨਦਾਤੇ ਪ੍ਰਤੀ 'ਤਾਨਾਸ਼ਾਹੀ ਰਵੱਈਆ' ਅਖ਼ਤਿਆਰ ਕਰਨ ਦਾ ਦੋਸ਼ ਲਾਇਆ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਰਾਜਾ ਵੜਿੰਗ ਨੇ ਮੰਗਲਵਾਰ ਰਾਤ ਨੂੰ ਜ਼ਖ਼ਮੀ ਕਿਸਾਨ ਗੁਰਮੀਤ ਸਿੰਘ ਦੀ ਗਾਂਧੀ ਨਾਲ ਫੋਨ 'ਤੇ ਗੱਲਬਾਤ ਕਰਵਾਈ। ਵੜਿੰਗ ਹਰਿਆਣਾ ਪੁਲੀਸ ਨਾਲ ਝੜਪ ਦੌਰਾਨ ਜ਼ਖ਼ਮੀ ਹੋਏ ਕਿਸਾਨਾਂ ਦੀ ਖ਼ਬਰਸਾਰ ਲੈਣ ਲਈ ਰਾਜਪੁਰਾ ਦੇ ਸਰਕਾਰੀ ਹਸਪਤਾਲ ਪੁੱਜੇ ਸਨ। ਗਾਂਧੀ ਨੇ ਮਗਰੋਂ ਆਪਣੇ ਵੱਟਸਐਪ ਚੈਨਲ 'ਤੇ ਹਿੰਦੀ ਵਿਚ ਪਾਈ ਪੋਸਟ ਵਿਚ ਕਿਹਾ, "ਸਾਬਕਾ ਫੌਜੀ ਗੁਰਮੀਤ ਸਿੰਘ ਜੀ, ਜੋ ਕਿਸਾਨ ਅੰਦੋਲਨ ਦੌਰਾਨ ਪੁਲੀਸ ਵੱਲੋਂ ਕੀਤੇ ਅੱਤਿਆਚਾਰ ਵਿਚ ਜ਼ਖ਼ਮੀ ਹੋ ਗਏ ਸਨ, ਨਾਲ ਫੋਨ 'ਤੇ ਗੱਲਬਾਤ ਕੀਤੀ। ਉਨ੍ਹਾਂ ਦੀ ਸਿਹਤ ਬਾਰੇ ਪੁੱਛਿਆ ਤੇ ਹੱਕਾਂ ਦੀ ਮੰਗ ਨੂੰ ਲੈ ਕੇ ਕੀਤੇ ਜਾ ਰਹੇ ਸ਼ਾਂਤਪੂਰਨ ਅੰਦੋਲਨ ਲਈ ਹਮਾਇਤ ਜਤਾਈ।" ਗਾਂਧੀ ਨੇ ਕਿਹਾ , "ਉਹ ਜਵਾਨ ਵੀ ਸਨ ਤੇ ਕਿਸਾਨ ਵੀ ਹਨ, ਉਨ੍ਹਾਂ ਦੀ ਜੈ ਕਰਨ ਦੀ ਥਾਂ ਦੇਸ਼ ਦੇ ਰਕਸ਼ਕ ਤੇ ਅੰਨਦਾਤਿਆਂ ਨਾਲ ਮੋਦੀ ਸਰਕਾਰ ਦਾ ਇਹ ਤਾਨਾਸ਼ਾਹੀ ਰਵੱਈਆ ਲੋਕਤੰਤਰ ਨੂੰ ਸ਼ਰਮਸਾਰ ਕਰ ਰਿਹਾ ਹੈ।" ਕਾਂਗਰਸ ਆਗੂ ਨੇ ਜ਼ਖ਼ਮੀ ਕਿਸਾਨ ਨੂੰ ਪੁੱਛਿਆ ਕਿ ਉਸ ਦੇ ਕਿੱਥੇ ਸੱਟ ਲੱਗੀ ਹੈ ਤਾਂ ਕਿਸਾਨ ਨੇ ਜਵਾਬ ਦਿੱਤਾ ਕਿ ਉਸ ਦੇ ਹੱਥਾਂ ਤੇ ਅੱਖ ਨੇੜੇ ਜ਼ਖ਼ਮ ਹਨ। ਰਾਹੁਲ ਕਿਸਾਨ ਨੂੰ ਇਹ ਵੀ ਪੁੱਛਿਆ ਕਿ ਪੁਲੀਸ ਕਾਰਵਾਈ ਦੌਰਾਨ ਕਿੰਨੇ ਕੁ ਕਿਸਾਨ ਜ਼ਖ਼ਮੀ ਹੋਏ ਹਨ। ਕਿਸਾਨ ਨੇ ਜਦੋਂ ਪੁਲੀਸ ਕਾਰਵਾਈ ਦੀ ਗੱਲ ਕੀਤੀ ਤਾਂ ਗਾਂਧੀ ਨੇ ਕਿਹਾ, "ਇਹ ਸਰਾਸਰ ਗ਼ਲਤ ਹੈ। ਅਸੀਂ ਤੁਹਾਡੇ ਨਾਲ ਹਾਂ, ਘਬਰਾਉਣ ਦੀ ਲੋੜ ਨਹੀਂ। ਤੁਸੀਂ ਜਿਸ ਚੀਜ਼ ਲਈ ਲੜ ਰਹੇ ਹੋ, ਉਹ ਦੇਸ਼ ਲਈ ਅਹਿਮ ਹੈ। ਤੁਸੀਂ ਪਹਿਲਾਂ ਦੇਸ਼ ਲਈ ਕੰਮ ਕੀਤਾ ਤੇ ਹੁਣ ਵੀ ਤੁਸੀਂ ਇਹੀ ਕਰ ਰਹੇ ਹੋ। 'ਸ਼ਾਬਾਸ਼', ਬੈਸਟ ਆਫ ਲੱਕ।"

## ਬੀੜੀ ਪੀਣ ਤੋਂ ਰੋਕਣ 'ਤੇ ਵਿਅਕਤੀ ਦਾ ਕਤਲ

ਪੱਟੀ-ਨੇੜਲੇ ਪਿੰਡ ਸਭਰਾ ਵਿੱਚ ਅੱਜ ਬੀੜੀ ਪੀਣ ਤੋਂ ਰੋਕਣ 'ਤੇ ਹੋਏ ਝਗੜੇ ਦੌਰਾਨ ਇੱਕ ਵਿਅਕਤੀ ਦਾ ਕਤਲ ਕਰ ਦਿੱਤਾ ਗਿਆ। ਮ੍ਰਿਤਕ ਦੀ ਪਛਾਣ ਸੁਖਰਾਜ ਸਿੰਘ ਉਰਫ਼ ਕਾਲੂ (38) ਪੁੱਤਰ ਅਮਰੀਕ ਸਿੰਘ ਵਾਸੀ ਪਿੰਡ ਸਭਰਾ ਵਜੋਂ ਹੋਈ ਹੈ। ਇਸ ਸਬੰਧ ਵਿੱਚ ਪੁਲੀਸ ਨੇ ਇਸੇ ਪਿੰਡ ਦੇ ਸੁਖਚੈਨ ਸਿੰਘ (65) ਖ਼ਿਲਾਫ਼ ਕਤਲ ਦੇ ਦੋਸ਼ ਹੇਠ ਕੇਸ ਦਰਜ ਕਰਦਿਆਂ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲੀਸ ਵੱਲੋਂ ਕੀਤੀ ਗਈ ਪੁੱਛ-ਪੜਤਾਲ ਦੌਰਾਨ ਸੁਖਚੈਨ ਸਿੰਘ ਨੇ ਦੱਸਿਆ ਕਿ ਉਸ ਨੇ ਸੁਖਰਾਜ ਸਿੰਘ ਨੂੰ ਆਪਣੇ ਨੇੜੇ ਬੀੜੀ ਪੀਣ ਤੋਂ ਰੋਕਿਆ ਸੀ ਜਿਸ ਮਗਰੋਂ ਸੁਖਰਾਜ ਨੇ ਉਸ ਨੂੰ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ।

## ਇਮਰਾਨ ਦੀ ਪੀਟੀਆਈ ਨੇ ਵੀ ਪਾਕਿਸਤਾਨ ਵਿੱਚ ਸੱਤਾ ਦਾ ਦਾਅਵਾ ਕੀਤਾ ਪੇਸ਼

ਇਸਲਾਮਾਬਾਦ-ਪਾਕਿਸਤਾਨ ਵਿੱਚ ਨਵਾਜ਼ ਸ਼ਰੀਫ਼ ਦੀ ਪੀਐੱਮਐੱਲ-ਐੱਨ ਅਤੇ ਬਿਲਾਵਲ ਭੁੱਟੋ ਜ਼ਰਦਾਰੀ ਦੀ ਪੀਪੀਪੀ ਵਿਚਾਲੇ ਗਠਜੋੜ ਸਰਕਾਰ ਬਣਾਉਣ ਲਈ ਗੱਲਬਾਤ ਚੱਲ ਰਹੀ ਹੈ। ਹੁਣ ਜੇਲ੍ਹ ਵਿੱਚ ਬੰਦ ਇਮਰਾਨ ਖਾਨ ਦੀ ਪਾਰਟੀ ਪੀਟੀਆਈ ਨੇ ਵੀ ਸਰਕਾਰ ਬਣਾਉਣ ਦੀਆਂ ਕੋਸ਼ਿਸ਼ਾਂ ਤੇਜ਼ ਕਰ ਦਿੱਤੀਆਂ ਹਨ। ਪਾਰਟੀ ਨੇ ਕਈ ਵਿਸ਼ੇਸ਼ ਕਮੇਟੀਆਂ ਬਣਾਈਆਂ ਹਨ ਜੋ ਕੇਂਦਰ, ਪੰਜਾਬ ਅਤੇ ਖ਼ੈਬਰ ਪਖਤੂਨਖਵਾ ਰਾਜ ਵਿੱਚ ਪੀਟੀਆਈ ਦੀ ਸਰਕਾਰ ਬਣਾਉਣ ਲਈ ਰਣਨੀਤੀ ਬਣਾਉਣਗੀਆਂ। ਚੋਣ ਨਤੀਜਿਆਂ ਤੋਂ ਬਾਅਦ ਪੀਟੀਆਈ ਦੀ ਕੋਰ ਕਮੇਟੀ ਦੀ ਮੀਟਿੰਗ ਹੋਈ, ਜਿਸ ਵਿੱਚ ਸਰਕਾਰੀ ਅਤੇ ਸੰਸਦੀ ਅਹੁਦਿਆਂ ਲਈ ਲੋਕਾਂ ਦੀ ਨਾਮਜ਼ਦਗੀ ਦੀ ਪ੍ਰਕਿਰਆ ਜਲਦੀ ਮੁਕੰਮਲ ਕਰਨ ਲਈ ਸਹਿਮਤੀ ਬਣੀ। ਪਾਕਿਸਤਾਨ ਦੀਆਂ ਆਮ ਚੋਣਾਂ ਵਿੱਚ ਪੀਟੀਆਈ ਦੇ ਸਮਰਥਨ ਵਾਲੇ 101 ਆਜ਼ਾਦ ਉਮੀਦਵਾਰਾਂ ਨੇ ਜਿੱਤ ਦਰਜ ਕੀਤੀ ਹੈ ਅਤੇ ਪੀਟੀਆਈ ਸਭ ਤੋਂ ਵੱਡੀ ਪਾਰਟੀ ਵਜੋਂ ਉਭਰੀ ਹੈ। ਪੀਟੀਆਈ ਨੇ ਇਕ ਬਿਆਨ ਜਾਰੀ ਕਰਕੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਨੂੰ ਰੋਕਣ ਅਤੇ ਪਾਰਟੀ 'ਤੇ ਅਨੈਤਿਕ ਤਰੀਕੇ ਨਾਲ ਦਬਾਅ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਦੇਸ਼ ਦੇ ਲੋਕਾਂ ਨੂੰ ਇਮਰਾਨ ਖਾਨ 'ਤੇ ਭਰੋਸਾ ਹੈ ਅਤੇ ਉਨ੍ਹਾਂ ਦੀਆਂ ਵੋਟਾਂ ਨਾਲ ਇਮਰਾਨ ਖਾਨ ਨੂੰ ਦੇਸ਼ ਭਗਤੀ ਦਾ ਪ੍ਰਮਾਣ ਪੱਤਰ ਦਿੱਤਾ ਗਿਆ ਹੈ।। ਪੀਟੀਆਈ ਵੀ ਚੋਣਾਂ ਵਿੱਚ ਧਾਂਦਲੀ ਦੇ ਦੋਸ਼ ਲਗਾ ਰਹੀ ਹੈ ਅਤੇ ਇਸ ਦੇ ਨੇਤਾਵਾਂ ਨੇ ਇਸ ਸਬੰਧੀ ਰਾਸ਼ਟਰਪਤੀ ਆਰਿਫ ਅਲਵੀ ਨਾਲ ਮੁਲਾਕਾਤ ਕੀਤੀ ਸੀ। ਪੀਟੀਆਈ ਦਾ ਦੋਸ਼ ਹੈ ਕਿ ਇੱਕ ਸਮੇਂ ਚੋਣ ਨਤੀਜਿਆਂ ਦੀ ਗਿਣਤੀ ਦੌਰਾਨ ਉਹ 170 ਨੈਸ਼ਨਲ ਅਸੈਂਬਲੀ ਸੀਟਾਂ 'ਤੇ ਅੱਗੇ ਸੀ, ਪਰ ਇਸ ਤੋਂ ਬਾਅਦ ਚੋਣ ਪੀਐੱਮਐੱਲ-ਐੱਨ ਦੇ ਹੱਕ ਵਿੱਚ ਬਦਲ ਗਈ। ਪੀਟੀਆਈ ਨੇ ਨਵਾਜ਼ ਸ਼ਰੀਫ਼ ਦੀ ਪਾਰਟੀ ਪੀਐੱਮਐੱਲ-ਐੱਨ ਅਤੇ ਬਿਲਾਵਲ ਭੁੱਟੋ ਜ਼ਰਦਾਰੀ ਦੀ ਪਾਰਟੀ ਪੀਪੀਪੀ ਨਾਲ ਗਠਜੋੜ ਕਰਨ ਤੋਂ ਇਨਕਾਰ ਕਰ ਦਿੱਤਾ ਹੈ।

# ਮਾਰਕੀਟ ਕਮੇਟੀ ਦੇ ਸੇਵਾਮੁਕਤ ਇੰਸਪੈਕਟਰ ਵੱਲੋਂ ਖੁਦਕੁਸ਼ੀ

ਜੰਡਿਆਲਾ ਗੁਰੂ-ਸਥਾਨਕ ਜੋਤੀਸਰ ਕਲੋਨੀ ਵਿੱਚ ਰਹਿਣ ਵਾਲੇ ਸਾਬਕਾ ਮਾਰਕੀਟ ਕਮੇਟੀ ਇੰਸਪੈਕਟਰ ਨੇ ਅੱਜ ਆਪਣੇ ਲਾਇਸੈਂਸੀ ਰਿਵਾਲਵਰ ਨਾਲ ਖ਼ੁਦ ਨੂੰ ਗੋਲੀ ਮਾਰ ਕੇ ਖ਼ੁਦਕੁਸ਼ੀ ਕਰ ਲਈ। ਐੱਸਐੱਚਓ ਜੰਡਿਆਲਾ ਗੁਰੂ ਇੰਸਪੈਕਟਰ ਮੁਖਤਿਆਰ ਸਿੰਘ ਨੇ ਦੱਸਿਆ ਅੱਜ ਲਗਪਗ 12.30 ਵਜੇ ਸਾਬਕਾ ਮਾਰਕੀਟ ਕਮੇਟੀ ਇੰਸਪੈਕਟਰ ਕੁਲਦੀਪ ਸਿੰਘ ਪੁੱਤਰ ਸ਼ਮਸ਼ੇਰ ਸਿੰਘ ਨੇ ਸਥਾਨਕ ਰਿਹਾਇਸ਼ 'ਤੇ ਆਪਣੇ .32 ਬੋਰ ਦੇ ਲਾਇਸੈਂਸੀ ਰਿਵਾਲਵਰ ਨਾਲ ਖ਼ੁਦ ਨੂੰ ਗੋਲੀ ਮਾਰ ਲਈ। ਉਨ੍ਹਾਂ ਦੱਸਿਆ ਕਿ ਵਾਰਦਾਤ ਮੌਕੇ ਘਰ ਵਿੱਚ ਕੁਲਦੀਪ ਸਿੰਘ ਦੀ ਪਤਨੀ ਮੌਜੂਦ ਸੀ। ਪੁਲੀਸ ਨੇ ਪੋਸਟਮਾਰਟਮ ਕਰਵਾ ਕੇ ਲਾਸ਼ ਵਾਰਸਾਂ ਨੂੰ ਸੌਂਪ ਦਿੱਤੀ ਹੈ।

## ਪਾਵਰਕੌਮ ਦਾ ਐੱਸਡੀਓ ਤੇ ਆਰਏ ਰਿਸ਼ਵਤ ਲੈਂਦੇ ਕਾਬੂ

ਭਵਾਨੀਗੜ੍ਹ-ਪੰਜਾਬ ਵਿਜੀਲੈਂਸ ਬਿਊਰੋ ਨੇ ਅੱਜ ਪੀਐੱਸਪੀਸੀਐੱਲ ਦਫ਼ਤਰ ਭਵਾਨੀਗੜ੍ਹ (ਸੰਗਰੂਰ) ਵਿੱਚ ਤਾਇਨਾਤ ਸਬ-ਡਿਵੀਜ਼ਨਲ ਅਫ਼ਸਰ (ਐੱਸਡੀਓ) ਹਰਬੰਸ ਸਿੰਘ ਅਤੇ ਮਾਲ ਲੇਖਾਕਾਰ (ਆਰਏ) ਖੁਸ਼ਵੰਤ ਸਿੰਘ ਨੂੰ 30 ਹਜ਼ਾਰ ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਹੈ। ਪੰਜਾਬ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਭਵਾਨੀਗੜ੍ਹ ਵਿੱਚ ਰਾਈਸ ਸ਼ੈੱਲਰ ਦੇ ਮਾਲਕ ਹੈਪੀ ਸ਼ਰਮਾ ਦੀ ਸ਼ਿਕਾਇਤ 'ਤੇ ਬਿਜਲੀ ਵਿਭਾਗ ਦੇ ਉਕਤ ਮੁਲਾਜ਼ਮਾਂ ਖ਼ਿਲਾਫ਼ ਕਾਰਵਾਈ ਕੀਤੀ ਗਈ ਹੈ।

## ਕਿਸਾਨਾਂ ਦੇ ਹੱਕ 'ਚ ਨਿਤਰੇ ਪੰਪ ਮਾਲਕ

ਰੂਪਨਗਰ-ਪੰਜਾਬ ਭਰ ਦੇ ਪੈਟਰੋਲ ਪੰਪ ਮਾਲਕਾਂ ਨੇ ਵੀ ਕਿਸਾਨਾਂ ਦੇ ਹੱਕ ਵਿੱਚ ਡਟਣ ਦਾ ਐਲਾਨ ਕਰ ਦਿੱਤਾ ਹੈ। ਜ਼ਿਲ੍ਹਾ ਪੈਟਰੋਲੀਅਮ ਡੀਲਰਜ਼ ਐਸੋਸੀਏਸ਼ਨ ਰੂਪਨਗਰ ਦੇ ਪ੍ਰਧਾਨ ਸ਼ਿਵ ਕੁਮਾਰ ਜਗੋਤਾ ਨੇ ਦੱਸਿਆ ਕਿ ਸੂਬੇ ਦੇ ਪਟਰੋਲ ਪੰਪ ਮਾਲਕ ਪਿਛਲੇ ਲਗਭਗ ਸੱਤ ਸਾਲਾਂ ਤੋਂ ਪੈਟਰੋਲ ਅਤੇ ਡੀਜ਼ਲ ਦਾ ਕਮਿਸ਼ਨ ਵਧਾਉਣ ਨੂੰ ਲੈ ਕੇ ਸੰਘਰਸ਼ ਕਰ ਰਹੇ ਹਨ, ਪਰ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਕੀਤੀ ਜਾ ਰਹੀ, ਜਿਸ ਕਰਕੇ ਸਮੂਹ ਪੰਪ ਮਾਲਕਾਂ ਵਿੱਚ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਆਪਣੀਆਂ ਮੰਗਾਂ ਦੇ ਹੱਕ ਲਈ ਸ਼ਾਂਤਮਈ ਤਰੀਕੇ ਨਾਲ ਦਿੱਲੀ ਜਾ ਰਹੇ ਕਿਸਾਨਾਂ ਤੇ ਹਰਿਆਣਾ ਸਰਕਾਰ ਰਾਹੀਂ ਤਸ਼ੱਦਦ ਢਾਹਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਜਥੇਬੰਦੀ ਨੇ ਕਿਸਾਨਾਂ ਦੇ ਸੰਘਰਸ਼ ਦਾ ਸਮਰਥਨ ਕਰਦੇ ਹੋਏ 15 ਫਰਵਰੀ ਨੂੰ ਪੈਟਰੋਲੀਅਮ ਕੰਪਨੀਆਂ ਤੋਂ ਡੀਜ਼ਲ ਅਤੇ ਪੈਟਰੋਲ ਸਮੇਤ ਕੋਈ ਵੀ ਵਸਤੂ ਨਾ ਖਰੀਦਣ, 16 ਫਰਵਰੀ ਨੂੰ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਪੰਪਾਂ ਤੇ ਤੇਲ ਨਾ ਵੇਚਣ ਅਤੇ 22 ਫਰਵਰੀ ਨੂੰ ਇੱਕ ਦਿਨ ਦੀ ਮੁਕੰਮਲ ਹੜਤਾਲ ਕਰਨ ਦਾ ਫੈਸਲਾ ਕੀਤਾ ਹੈ। ਇਸ ਮੌਕੇ ਤੇ ਅੰਮ੍ਰਿਤ ਲਾਲ ਖੁਰਾਣਾ, ਸੋਨੂੰ ਖੁਰਾਣਾ, ਰਾਮ ਲਾਲ ਆਨੰਦ ਹਾਜ਼ਰ ਸਨ।

NAIYA GILL
PROFESSIONAL LAW CORPORATION
"Each Client Matters"



· Buying, Selling & Refinance of Real Estate (Residential & Commercial)
· Estate Planning
· Wills, Estates
· Representation Agreements
· Legal Aid · Immigration
· Commercial Lease
· Incorporation of Business
· Corporate Maintenance
· Buying or Selling a Business
· Family Law
· Sponsorship Letters
· Notary
· Power of Attorney

· ਪ੍ਰਾਪਰਟੀ ਖਰੀਦਣ, ਵੇਚਣ ਜਾਂ ਰਿਫਾਇਨਾਂਸ (ਰੈਜ਼ੀਡੈਂਸ਼ਿਅਲ ਅਤੇ ਕਮਰਸ਼ਿਅਲ)
· ਜਾਇਦਾਦ ਦੀ ਪਲੈਨਿੰਗ
· ਵਸੀਅਤ, ਜਾਇਦਾਦ
· ਰਿਪ੍ਰੈਜ਼ੰਨਟੇਸ਼ਨ ਸਮਝੌਤੇ
· ਕਾਨੂੰਨੀ ਸਹਾਇਤਾ
· ਇਮੀਗ੍ਰੇਸ਼ਨ · ਵਪਾਰਕ ਲੀਜ਼
· ਇਨਕਾਰਪੋਰੇਸ਼ਨ
· ਕਾਰਪੋਰੇਟ ਮੇਨਟੇਨੈਂਸ
· ਕੋਈ ਕਾਰੋਬਾਰ ਖਰੀਦਣਾ ਜਾਂ ਵੇਚਣਾ
· ਫੈਮਿਲੀ ਲਾਅ
· ਸਪਾਂਸਰਸ਼ਿਪ ਲੈਟਰਜ਼
· ਨੌਟਰੀ · ਪਾਵਰ ਆਫ ਅਟਾਰਨੀ

Appointments available in Surrey, White Rock & Abbotsford.
604.771.3089
info@ngplc.ca www.ngplc.ca

# ਜਬਰੀ ਵਸੂਲੀ ਦੇ ਅਪਰਾਧੀਆਂ ਲਈ ਘੱਟੋ-ਘੱਟ ਤਿੰਨ ਸਾਲ ਦੀ ਸਜ਼ਾ ਲਾਜ਼ਮੀ ਕਰਾਂਗੇ-ਪੋਲੀਵਰ

ਸਰੀ-ਕੈਨੇਡਾ ਕੰਸਰਵੇਟਿਵ ਪਾਰਟੀ ਦੇ ਆਗੂ ਪੀਅਰ ਪੋਲੀਵਰ ਨੇ ਸਾਊਥ ਏਸ਼ੀਅਨ ਭਾਈਚਾਰੇ ਵਿਚ ਵਾਪਰ ਰਹੀਆਂ ਜਬਰੀ ਵਸੂਲੀ ਅਤੇ ਹਿੰਸਾ ਦੀਆਂ ਘਟਨਾਵਾਂ ਉਪਰ ਗਹਿਰੀ ਚਿੰਤਾ ਪ੍ਰਗਟ ਕਰਦਿਆਂ ਕਿਹਾ ਹੈ ਕਿ ਉਹਨਾਂ ਦੀ ਸਰਕਾਰ ਆਉਣ ਤੇ ਅਜਿਹੀਆਂ ਵਾਰਦਾਤਾਂ ਦੇ ਦੋਸ਼ੀਆਂ ਲਈ ਘੱਟੋ ਘੱਟ ਜੇਲ ਦੀ ਸਜ਼ਾ ਨੂੰ ਲਾਜਮੀ ਬਣਾਇਆ ਜਾਵੇਗਾ। ਇਥੇ ਸਰੀ ਦੇ ਇਕ ਵਪਾਰਕ ਕੇਂਦਰ ਵਿਖੇ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਰੀ ਵਰਗੇ ਭਾਈਚਾਰਿਆਂ ਵਿੱਚ ਛੋਟੇ ਕਾਰੋਬਾਰੀਆਂ ਨੂੰ ਹਿੰਸਾ, ਅਗਵਾ, ਅੱਗਜ਼ਨੀ ਅਤੇ ਗੋਲੀਬਾਰੀ ਦੇ ਵੱਧ ਰਹੇ ਖਤਰਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਪਰਾਧ ਦਾ ਇਹ ਨਵਾਂ ਰੁਝਾਨ ਇਕ ਪਾਗਲਪਣ ਹੈ ਅਤੇ ਕੈਨੇਡਾ ਵਿੱਚ ਅਜਿਹੇ ਲੋਕਾਂ ਲਈ ਕੋਈ ਥਾਂ ਨਹੀ ਹੋਣੀ ਚਾਹੀਦੀ। ਵਿਰੋਧੀ ਧਿਰ ਦੇ ਨੇਤਾ ਨੇ 2022 ਵਿੱਚ




ਕ੍ਰਿਮੀਨਲ ਕੋਡ ਵਿੱਚ ਲਿਬਰਲ ਸਰਕਾਰ ਦੀਆਂ ਸੋਧਾਂ ਦਾ ਜ਼ਿਕਰ ਕੀਤਾ ਜਿਸ ਵਿੱਚ ਹਥਿਆਰਾਂ ਨਾਲ ਜਬਰੀ ਵਸੂਲੀ ਲਈ ਚਾਰ ਸਾਲ ਦੀ ਘੱਟੋ-ਘੱਟ ਸਜ਼ਾ ਦੀ ਵਿਵਸਥਾ ਨੂੰ ਰੱਦ ਕਰ ਦਿੱਤਾ ਗਿਆ ਸੀ। ਉਹਨਾਂ ਕਿਹਾ ਕਿ ਕੰਜ਼ਰਵੇਟਿਵ ਸਰਕਾਰ ਜਬਰੀ ਵਸੂਲੀ ਲਈ ਦੋਸ਼ੀ ਪਾਏ ਜਾਣ ਵਾਲੇ ਕਿਸੇ ਵੀ ਵਿਅਕਤੀ ਨੂੰ ਤਿੰਨ ਸਾਲ ਦੀ ਲਾਜ਼ਮੀ ਘੱਟੋ-ਘੱਟ ਸਜ਼ਾ ਅਤੇ ਕਿਸੇ ਨੂੰ "ਗੈਂਗ ਜਾਂ ਸੰਗਠਿਤ ਅਪਰਾਧ ਦੀ ਤਰਫੋਂ ਕੰਮ ਕਰਦੇ ਹੋਏ" ਪੰਜ ਸਾਲ ਦੀ ਸਜ਼ਾ ਦੀ ਵਿਵਸਥਾ ਕਰੇਗੀ। ਉਹਨਾਂ ਹੋਰ ਕਿਹਾ ਕਿ ਜਬਰੀ ਵਸੂਲੀ ਦੇ ਮਾਮਲਿਆਂ ਦੇ ਨਾਲ ਅਗਜ਼ਨੀ ਦੀਆਂ ਘਟਨਾਵਾਂ ਨੂੰ ਵੀ ਗੰਭੀਰ ਅਪਰਾਧ ਮੰਨਿਆ ਜਾਣਾ ਚਾਹੀਦਾ ਹੈ। ਪੁਲਿਸ ਵਲੋਂ ਅਪਰਾਧੀਆਂ ਨੂੰ ਫੜਨਾ ਤੇ ਛੱਡ ਦੇਣਾ ਅਪਰਾਧ ਨੂੰ ਬੜਾਵਾ ਦੇਣ ਵਾਲੀ ਗੱਲ ਹੈ। ਪੁਲਿਸ ਨੂੰ ਅਜਿਹੇ ਅਪਰਾਧਾਂ ਨਾਲ ਨਿਪਟਣ ਲਈ ਵਧੇਰੇ ਅਧਿਕਾਰ ਦੇਣ ਦੀ ਲੋੜ ਹੈ। ਉਹਨਾਂ ਹੋਰ ਕਿਹਾ ਕਿ ਨੌਜਵਾਨਾਂ ਨੂੰ ਵਰਗਲਾਉਣ ਵਾਲੇ ਗੈਂਗਾਂ 'ਖਿਲਾਫ ਵੀ "ਮਜ਼ਬੂਤ ਕਾਰਵਾਈ" ਦੀ ਲੋੜ ਹੈ। ਪੁਲਿਸ ਘੱਟੋ-ਘੱਟ ਤਿੰਨ ਪ੍ਰਾਂਤਾਂ ਵਿੱਚ ਸਾਊਥ ਏਸ਼ੀਆਈ ਭਾਈਚਾਰੇ ਦੇ ਵਿੱਚ ਕਾਰੋਬਾਰੀਆਂ ਨੂੰ ਨਿਸ਼ਾਨਾ ਬਣਾ ਕੇ ਜਬਰੀ ਵਸੂਲੀ ਦੀਆਂ ਘਟਨਾਵਾਂ ਦੀ ਜਾਂਚ ਕਰ ਰਹੀ ਹੈ। ਰਿਪੋਰਟਾਂ ਹਨ ਕਿ ਜਬਰੀ ਵਸੂਲੀ ਕਰਨ ਵਾਲੇ ਗੈਂਗ ਦਾ ਪੰਜਾਬ ਦੇ ਇਕ ਸੰਗਠਿਤ ਅਪਰਾਧ ਸਮੂਹ ਨਾਲ ਸਬੰਧ ਹੈ। ਜਨਵਰੀ ਵਿੱਚ, ਐਡਮੰਟਨ ਪੁਲਿਸ ਨੇ ਜਬਰੀ ਵਸੂਲੀ ਤੇ ਅਗਜ਼ਨੀ ਦੀਆਂ 18 ਘਟਨਾਵਾਂ ਨਾਲ ਸਬੰਧਿਤ ਕਈ ਗ੍ਰਿਫਤਾਰੀਆਂ ਦਾ ਐਲਾਨ ਕੀਤਾ ਸੀ। ਬੀ.ਸੀ. ਵਿੱਚ ਆਰ.ਸੀ.ਐਮ.ਪੀ. ਨੇ ਵੀ ਪੁਸ਼ਟੀ ਕੀਤੀ ਹੈ ਕਿ ਸਰੀ, ਵੈਸਟ ਵੈਨਕੂਵਰ ਅਤੇ ਵ੍ਹਾਈਟ ਰੌਕ ਵਿੱਚ ਕਾਰੋਬਾਰੀਆਂ ਨੂੰ ਜਬਰੀ ਵਸੂਲੀ ਲਈ ਨਿਸ਼ਾਨਾ ਬਣਾਇਆ ਗਿਆ ਹੈ।






## ਵੈਨਕੂਵਰ ਖੇਤਰ ਦੇ ਲੇਖਕਾਂ, ਪਾਠਕਾਂ ਵੱਲੋਂ ਪ੍ਰਸਿੱਧ ਕਹਾਣੀਕਾਰ ਸੁਖਜੀਤ ਦੀ ਮੌਤ ਉੱਪਰ ਦੁੱਖ ਦਾ ਪ੍ਰਗਟਾਵਾ

ਸਰੀ (ਹਰਦਮ ਮਾਨ)-ਸਰੀ, ਵੈਨਕੂਵਰ ਅਤੇ ਐਬਸਫੋਰਡ ਦੇ ਬਹੁਤ ਸਾਰੇ ਲੇਖਕਾਂ ਅਤੇ ਸਾਹਿਤਕ ਪ੍ਰੇਮੀਆਂ ਨੇ ਪ੍ਰਸਿੱਧ ਪੰਜਾਬੀ ਕਹਾਣੀਕਾਰ ਸੁਖਜੀਤ ਦੀ ਬੇਵਕਤ ਮੌਤ ਉਪਰ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਪੰਜਾਬੀ ਕਹਾਣੀ ਖੇਤਰ ਵਿੱਚ ਨਿਵੇਕਲੀਆਂ ਪੈੜਾਂ ਪਾਉਣ ਵਾਲੇ ਸੁਖਜੀਤ ਦੇ ਸਦੀਵੀ ਵਿਛੋੜੇ ਉੱਪਰ ਦੁੱਖ ਦਾ ਇਜ਼ਹਾਰ ਕਰਦਿਆਂ ਵੈਨਕੂਵਰ ਵਿਚਾਰ ਮੰਚ ਦੇ ਸਰਪ੍ਰਸਤ ਅਤੇ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਪ੍ਰਸਿੱਧ ਸ਼ਾਇਰ ਮੋਹਨ ਗਿੱਲ, ਪ੍ਰਸਿੱਧ ਚਿੱਤਰਕਾਰ ਜਰਨੈਲ ਸਿੰਘ, ਸ਼ਾਇਰ ਹਰਦਮ ਮਾਨ, ਅੰਗਰੇਜ਼ ਬਰਾੜ, ਨਵਦੀਪ ਗਿੱਲ ਅਤੇ ਪਰਮਜੀਤ ਸਿੱਖ ਨੇ ਕਿਹਾ ਹੈ ਕਿ ਸੁਖਜੀਤ ਨੇ ਇਤਿਹਾਸ ਅਤੇ ਮਿਥਿਹਾਸ ਦੇ ਹਵਾਲਿਆਂ ਨਾਲ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਵਡਮੁੱਲੀਆਂ ਰਚਨਾਵਾਂ ਰਾਹੀਂ ਪੰਜਾਬੀ ਸਾਹਿਤ ਨੂੰ ਅਮੀਰੀ ਪ੍ਰਦਾਨ ਕੀਤੀ ਹੈ। ਉਹਨਾਂ ਦੇ ਚਲੇ ਜਾਣ ਨਾਲ ਪੰਜਾਬੀ ਸਾਹਿਤ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਗਜ਼ਲ ਮੰਚ ਸਰੀ ਦੇ ਪ੍ਰਧਾਨ ਅਤੇ ਨਾਮਵਰ ਸ਼ਾਇਰ ਜਸਵਿੰਦਰ, ਰਾਜਵੰਤ ਰਾਜ, ਦਵਿੰਦਰ ਗੌਤਮ, ਪ੍ਰੀਤ ਮਨਪ੍ਰੀਤ, ਦਸ਼ਮੇਸ਼ ਗਿੱਲ ਫਿਰੋਜ਼, ਕ੍ਰਿਸ਼ਨ ਭਨੋਟ, ਬਲਦੇਵ ਸੀਰਾ ਅਤੇ ਸੁਖਜੀਤ ਕੌਰ ਨੇ ਵੀ ਨਾਮਵਰ ਪੰਜਾਬੀ



ਕਹਾਣੀਕਾਰ ਸੁਖਜੀਤ ਦੇ ਅਚਾਨਕ ਚਲੇ ਜਾਣ 'ਤੇ ਗਹਿਰਾ ਅਫਸੋਸ ਪ੍ਰਗਟ ਕਰਦਿਆਂ ਕਿਹਾ ਹੈ ਕਿ ਇੱਕ ਸਮਰੱਥ ਸਾਹਿਤਕਾਰ ਸਾਡੇ ਕੋਲੋਂ ਵਿਛੜ ਗਿਆ ਹੈ। ਸੁਖਜੀਤ ਨੇ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਜੋ ਪੈੜਾਂ ਪਾਈਆਂ ਹਨ ਉਹ ਹਮੇਸ਼ਾ ਪੰਜਾਬੀ ਸਾਹਿਤ ਪ੍ਰੇਮੀਆਂ ਦੇ ਚੇਤਿਆਂ ਵਿਚ ਹਮੇਸ਼ਾ ਉੱਕਰੀਆਂ ਰਹਿਣਗੀਆਂ। ਪ੍ਰਸਿੱਧ ਚਿੰਤਕ ਅਤੇ ਸਿੱਖ ਵਿਦਵਾਨ ਜੈਤੇਗ ਸਿੰਘ ਅਨੰਤ ਨੇ ਵੀ ਸੁਖਜੀਤ ਦੇ ਸਦੀਵੀ ਵਿਛੋੜੇ ਉੱਪਰ ਡੂੰਘਾ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਉਹ ਬਹੁਤ ਹੀ ਬੇਖੌਫ, ਨਿੱਡਰ ਅਤੇ ਬੇਬਾਕ ਇਨਸਾਨ ਅਤੇ ਕਹਾਣੀਕਾਰ ਸੀ। ਦੇਸ ਪ੍ਰਦੇਸ ਟਾਈਮਜ਼ ਦੇ ਸੰਪਾਦਕ ਸੁਖਵਿੰਦਰ ਸਿੰਘ ਚੋਹਲਾ, ਡਾ. ਸੁਖਵਿੰਦਰ ਵਿਰਕ, ਨਵਰੂਪ ਸਿੰਘ, ਰਣਧੀਰ ਢਿੱਲੋਂ, ਡਾ. ਗੁਰਵਿੰਦਰ ਸਿੰਘ ਧਾਲੀਵਾਲ ਅਤੇ ਸ਼ਾਇਰ ਦਵਿੰਦਰ ਪੂਨੀਆ ਨੇ ਵੀ ਸੁਖਜੀਤ ਦੇ ਅਚਾਨਕ ਵਿਛੋੜੇ ਉੱਪਰ ਦੁੱਖ ਦਾ ਪ੍ਰਗਟਾਵਾ ਕੀਤਾ ਹੈ।





mortgages lab
ਕਿਸੇ ਵੀ ਤਰ੍ਹਾਂ ਦੀ ਮੌਰਗੇਜ ਲੈਣ ਲਈ ਸੰਪਰਕ ਕਰੋ
Rate hold from 6 months to 1 year
Get Preapproval In 2 Hours
• ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
• ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
• ਰੈਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੌਰਗੇਜ
HARPREET SINGH
Mortgage Broker
Ph: 778.558.9745
harpreetfunding@gmail.com
@harpreetfunding
@HARPREETFUNDING
Licensed professional mortgage broker




## Discover your life's tempo at PIANO by Concord Pacific.

Located in the heart of Surrey, PIANO is where community, culture, and wellness exist in perfect harmony.

PIANO's two new high-rise towers with 1-, 2-, 3- bedrooms and townhomes keep you on beat. Defined by striking accentuated curves and smooth lines, reminiscent of a grand piano, this development is Surrey City Centre's most modern addition. Utilizing its meticulously-landscaped, free-flowing terraces, PIANO creates inviting green spaces and outdoor amenities with scenic views in every direction. While a multitude of indoor amenity options are carefully curated for all of life's tempos.

COMING SOON
REGISTER NOW TO PREVIEW
ConcordPiano.ca | 604.583.9866

**Burnaby Sales Centre**
4750 Kingsway
Open Daily: 11 am - 5 pm

**Surrey Sales Centre**
9908 King George Blvd
Open Daily: 11 am - 5 pm

CONCORD PACIFIC


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
8Lt
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786


THANK YOU FOR MAKING US
2022
Outstanding Achievement
National
TOP 20%
PRIVATE
MORTGAGES
No Worries... We Can Help!
Easily available Private Mortgage could be just what you need.
★ Up to $5 million available
★ $10,000 to $1 million in just 24 Hours
★ Residential Mortgages
★ Commercial Mortgages
★ Construction Mortgages
★ New Immigrants
★ Second Mortgages
★ First Time Home Buyers
invis
Canada's Mortgage Experts™
MORTGAGE INTELLIGENCE
Call today to get started
SANJEEV KATYAL
604.767.5194
info@katyalmortgage.ca
WWW.KATYALMORTGAGE.CA

# ਸੁਹਜ ਅਤੇ ਸਫ਼ਾਈ ਦਾ ਪ੍ਰਤੀਕ ਹੈ ਬਾਥਰੂਮ





ਤੁਹਾਡਾ ਬਾਥਰੂਮ ਤੁਹਾਡੇ ਸੁਹਜ ਸੁਆਦ ਅਤੇ ਸਫ਼ਾਈ ਪਸੰਦ ਹੋਣ ਦਾ ਪ੍ਰਤੀਕ ਹੈ। ਬਾਥਰੂਮ ਚਾਹੇ ਅਤਿ-ਆਧੁਨਿਕ ਹੋਵੇ ਚਾਹੇ ਪੁਰਾਣੇ ਜ਼ਮਾਨੇ ਦਾ ਸਿੱਧਾ-ਸਾਧਾ, ਦੋਹਾਂ ਹਾਲਤਾਂ ਵਿੱਚ ਹੀ ਤੁਸੀਂ ਉਸ ਨੂੰ ਹੋਰ ਜ਼ਿਆਦਾ ਵਧੀਆ ਬਣਾ ਸਕਦੇ ਹੋ। ਬਾਥਰੂਮ ਦੀ ਹਰ ਚੀਜ਼ ਸਾਫ਼-ਸੁਥਰੀ ਹੋਣੀ ਲਾਜ਼ਮੀ ਹੈ। ਅੱਜ-ਕੱਲ੍ਹ ਦੇ ਆਧੁਨਿਕ ਬਾਥਰੂਮ ਵਿੱਚ ਬਾਲਟੀ, ਟੱਬ ਜਾਂ ਮੱਗ ਦੀ ਜ਼ਰੂਰਤ ਨਹੀਂ ਪੈਂਦੀ। ਇਸ ਵਿੱਚ ਬਾਥ ਟੱਬ ਹੁੰਦਾ ਹੈ। ਇਨ੍ਹਾਂ ਵਿੱਚ ਨਹਾਉਣ ਦਾ ਆਪਣਾ ਅਲੱਗ ਢੰਗ ਹੁੰਦਾ ਹੈ। ਤੁਸੀਂ ਆਪਣੇ ਸਿਰ 'ਤੇ ਪਾਣੀ ਪਾ ਕੇ ਉਸ ਨੂੰ ਸੱਜੇ-ਖੱਬੇ, ਝਟਕਾ ਕੇ ਚਾਰੋਂ ਪਾਸੇ ਪਾਣੀ ਦੀਆਂ ਛਿੱਟਾਂ ਨਹੀਂ ਮਾਰ ਸਕਦੇ, ਟੱਬ ਵਿੱਚ ਵੜੋ, ਸਰੀਰ ਮਲੋ ਤੇ ਫਿਰ ਟੱਬ ਦੇ ਨਾਲ ਲੱਗਦੇ ਫੁੱਟਮੈਟ ਤੋਂ ਪੈਰ ਪੂੰਝ ਕੇ ਆਪਣਾ ਸਰੀਰ ਗਾਊਨ ਨਾਲ ਸਕਾਉਣ ਤੋਂ ਬਾਅਦ ਕੱਪੜੇ ਪਾ ਕੇ ਲੋੜੀਂਦੇ ਕਾਸਮੈਟਿਕਸ ਇਸਤੇਮਾਲ ਕਰਕੇ ਬਾਹਰ ਆ ਜਾਂਦੇ ਹੋ। ਅਜਿਹੇ ਬਾਥਰੂਮ ਦੇ ਐਗਜ਼ਾਸਟ ਫ਼ੈਨ, ਬਾਥ ਟੱਬ, ਵਾਸ਼ਬੇਸਨ, ਸ਼ਿੰਗਾਰ ਦੀਆਂ ਚੀਜ਼ਾਂ ਆਦਿ ਦੀ ਬਾਕਾਇਦਾ ਸਫ਼ਾਈ ਕਰਨੀ ਪੈਂਦੀ ਹੈ। ਸਭ ਦੇ ਇਸਤੇਮਾਲ ਕਰਨ ਤੋਂ ਬਾਅਦ ਪਾਣੀ ਵਿੱਚ ਲੂਣ ਮਿਲਾ ਕੇ ਉਸ ਵਿੱਚ ਕੱਪੜਾ ਡੁਬੋ ਕੇ ਨਿਚੋੜ ਕੇ ਸਾਰੀਆਂ ਟਾਈਲਾਂ ਆਦਿ 'ਤੇ ਫੇਰੋ। ਇਸ ਤੋਂ ਬਾਅਦ ਕਿਸੇ ਵੀ ਸਫ਼ਾਈ ਕਰਨ ਵਾਲੇ ਤਰਲ ਪਦਾਰਥ ਦਾ ਸਪਰੇਅ ਕਰਕੇ ਸਾਫ਼ ਕੱਪੜੇ ਨਾਲ ਪੂੰਝਣ ਨਾਲ ਤੁਹਾਡਾ ਬਾਥਰੂਮ ਸਦਾ ਚਮਕਦਾਰ ਰਹੇਗਾ। ਬਾਥਰੂਮ ਦੀ ਇੱਕ ਦੀਵਾਰ 'ਤੇ ਕੋਈ ਰਮਣੀਕ ਨਜ਼ਾਰੇ ਵਾਲਾ ਪੋਸਟਰ ਜਾਂ ਬਾਥਰੂਮ ਲਈ ਖ਼ਾਸ ਤੌਰ 'ਤੇ ਤਿਆਰ ਕੀਤੇ ਮਜ਼ਾਕੀਆ ਪੋਸਟਰ ਵੀ ਚਿਪਕਾਏ ਜਾ ਸਕਦੇ ਹਨ। ਇਨ੍ਹਾਂ ਤੋਂ ਵੀ ਨਿਯਮਿਤ ਰੂਪ ਨਾਲ ਸੁੱਕੇ ਕੱਪੜੇ ਨਾਲ ਧੂੜ/ਮਿੱਟੀ ਝਾੜ ਦੇਣੀ ਚਾਹੀਦੀ ਹੈ। ਖੂੰਜਿਆਂ ਵਿੱਚ ਵੀ ਜਾਲੇ ਸਾਫ਼ ਕਰਨ ਵਾਲਾ ਬੁਰਸ਼ ਜ਼ਰੂਰ ਮਾਰੋ। ਜੇਕਰ ਤੁਹਾਡਾ ਬਾਥਰੂਮ ਪੁਰਾਣੇ ਜ਼ਮਾਨੇ ਦਾ ਹੈ ਤਾਂ ਉਸ ਵਿੱਚ ਪਈਆਂ ਬਾਲਟੀਆਂ, ਟੱਬ ਅਤੇ ਮੱਗ ਸਾਫ਼-ਸੁਥਰੇ ਹੋਣੇ ਚਾਹੀਦੇ ਹਨ। ਅਕਸਰ ਹੀ ਇਨ੍ਹਾਂ ਉੱਪਰ ਵੀ ਥੰਦੀ-ਮੈਲ ਜੰਮ ਜਾਂਦੀ ਹੈ। ਇਸ ਨੂੰ ਉਤਾਰਨ ਲਈ ਬਹੁਤਾ ਪ੍ਰੇਸ਼ਾਨ ਨਾ ਹੋਵੋ। ਬੱਸ ਇੱਕ ਕੱਪੜੇ ਉੱਤੇ ਪਾਣੀ, ਸਰਫ਼ ਤੇ ਮਿੱਟੀ ਦਾ ਤੇਲ ਦਾ ਘੋਲ ਲਗਾ ਕੇ ਸਾਫ਼ ਕਰੋ, ਦੇਖੋ ਮਿੰਟਾਂ ਵਿੱਚ ਹੀ ਮੈਲ ਉੱਤਰ ਜਾਵੇਗੀ। ਜੇਕਰ ਤੁਹਾਡੇ ਬਾਥਰੂਮ ਦੀਆਂ ਕੰਧਾਂ ਸੀਮਿੰਟ ਦੀਆਂ ਹਨ ਤਾਂ ਇਹੀ ਘੋਲ ਨਮਕ ਨਾਲ ਮਿਲਾ ਕੇ ਕੰਧਾਂ 'ਤੇ ਪਾਉਂਦੇ ਹੋਏ ਬੁਰਸ਼ ਨਾਲ ਰਗੜੋ ਤਾਂ ਕੰਧਾਂ ਸਾਫ਼ ਹੋ ਜਾਣਗੀਆਂ। ਹਰ ਰੋਜ਼ ਬਾਥਰੂਮ ਇਸਤੇਮਾਲ ਕਰਨ ਤੋਂ ਬਾਅਦ ਜੇਕਰ ਪੰਜ ਮਿੰਟ ਹੋਰ ਲਗਾ ਲਏ ਜਾਣ ਤਾਂ ਇਹ ਸਦਾ ਸਾਫ਼ ਰਹਿ ਸਕਦਾ ਹੈ। ਕੱਪੜੇ ਟੰਗਣ ਵਾਲੀਆਂ ਖੂੰਟੀਆਂ, ਖਿੜਕੀ, ਦਰਵਾਜ਼ਾ ਸੁੱਕੇ ਕੱਪੜੇ ਨਾਲ ਜਾਂ ਬੁਰਸ਼ ਨਾਲ ਝਾੜੋ। ਬਾਲਟੀ, ਟੱਬ, ਮੱਗ ਆਦਿ ਨੂੰ ਵਿਮ ਜਾਂ ਸਰਫ਼ ਨਾਲ ਧੋ ਕੇ ਮੂਧੇ ਮਾਰੋ ਤਾਂ ਕਿ ਸਾਰਾ ਪਾਣੀ ਸੁੱਕ ਜਾਵੇ ਅਤੇ ਕਿਸੇ ਕਿਸਮ ਦੀ ਧੂੜ ਨਾ ਜੰਮੇ। ਕੰਧਾਂ 'ਤੇ ਵੀ ਸਾਦਾ ਪਾਣੀ ਪਾ ਕੇ ਨਰਮ ਰੇਸ਼ਿਆਂ ਵਾਲਾ ਬੁਰਸ਼ ਜਿੱਥੋਂ ਤਕ ਛਿੱਟੇ ਜਾਂਦੇ ਹਨ, ਮਾਰ ਕੇ ਸਾਫ਼ ਕਰ ਦਿਓ। ਜਿਸ ਤਰ੍ਹਾਂ ਸਾਬਣ, ਤੇਲ ਆਦਿ ਰੱਖਿਆ ਹੈ, ਸਾਰੀਆਂ ਚੀਜ਼ਾਂ ਵਾਰੀ-ਵਾਰੀ ਚੁੱਕ ਕੇ ਕੱਪੜੇ ਨਾਲ ਉਸ ਨੂੰ ਜਗ੍ਹਾ ਨੂੰ ਸੁਕਾ ਦਿਓ। ਫਰਸ਼ ਨੂੰ ਪੋਚਾ ਮਾਰ ਕੇ ਜਾਂ ਵਾਈਪਰ ਨਾਲ ਚੰਗੀ ਤਰ੍ਹਾਂ ਸੁਕਾਓ। ਸਾਬਣ ਨੂੰ ਟਿਸ਼ੂ ਪੇਪਰ ਨਾਲ ਹਲਕਾ ਦਬਾਅ ਦੇ ਕੇ ਰੱਖੋ ਤਾਂ ਕਿ ਇਹ ਗਲਦੇ ਨਾ ਰਹਿਣ। ਟੂਟੀਆਂ ਆਦਿ ਨੂੰ ਵੀ ਹਰ ਰੋਜ਼ ਪਾਣੀ ਨਾਲ ਧੋਵੋ ਤਾਂ ਕਿ ਇਹ ਨਵੀਆਂ ਲੱਗਦੀਆਂ ਰਹਿਣ। ਇਨ੍ਹਾਂ 'ਤੇ ਸਾਬਣ ਜੰਮ ਕੇ ਇਨ੍ਹਾਂ ਦੀ ਚਮਕ ਫਿੱਕੀ ਪੈ ਸਕਦੀ ਹੈ। ਤੁਹਾਡੀ ਇਹ ਪੰਜ ਮਿੰਟਾਂ ਦੀ ਮਿਹਨਤ ਤੁਹਾਡੇ ਮਹਿਮਾਨਾਂ ਵਿੱਚ ਤੁਹਾਡੇ ਸਫ਼ਾਈ ਪਸੰਦ ਹੋਣ ਅਤੇ ਸੁਚੱਜੇ ਹੋਣ ਦੀ ਗਵਾਹੀ ਭਰਨ ਲਈ ਕਾਫ਼ੀ ਹੈ।

**—ਸੁਖਮੰਦਰ ਸਿੰਘ ਤੂਰ**

OASIS WINDOWS INC.
OASIS WINDOWS clearly better windows
* Quality Products * Superior Service.
ENERGY STAR
Attractive, Energy Efficient And Quality Windows For Your Dream Home Or Housing Projects Or For Renovation
MEMBER BBB BC Mainland
• VINYL WINDOWS • CUSTOM MADE TO YOUR SPECIFICATIONS
• GARDEN WINDOWS • PATIO DOORS & SKYLIGHTS • FREE ESTIMATES


"We are not satisfied until you are"
Phone: (604) 597 - 5033 Fax: (604) 597 - 5029
Tollfree: 1-800-665-2350
19025-52nd Ave., Surrey, BC
Serving Alberta, British Columbia, Washington & California Since 1989
www.oasiswindows.com

TPSG
IMMIGRATION CONSULTANCY INC.
STUDY & WORK IN CANADA
We Provide All Kinds Of Immigration Services
• LMIA • PNP
• Express Entry
• Student Visa
• Study Permit
• Work Permit
• Visitor Visa
• Family Sponsorship
• Super Visa
• Permanent Resident
• Citizenship
MOVED TO NEW LOCATION
• ਐਲ.ਐਮ ਆਈ ਏ
• ਪੀ.ਐਨ.ਪੀ
• ਐਕਸਪ੍ਰੈਸ ਐਂਟਰੀ
• ਫੈਮਲੀ ਸਪਾਂਸਰਸ਼ਿਪ
• ਵਿਜ਼ਟਰ ਵੀਜ਼ਾ
• ਸੱਟਡੀ ਪਰਮਿਟ
• ਵਰਕ ਪਰਮਿਟ
• ਸੁਪਰ ਵੀਜ਼ਾ
• ਪੀ.ਆਰ
• ਸਿਟੀਜ਼ਨਸ਼ਿਪ
ਸਟਾਰਟਅੱਪ ਵੀਜ਼ਾ ਪ੍ਰੋਗਰਾਮ (ਬਿਜ਼ਨਸ)

Office: 778-590-5906
Email: tpsgimmigration@telus.net
Website: www.tpsgimmigration.com
8132 130 St., Surrey BC, V3W 8J9
Meet the best
in our team of specialist
and let help you get to
where you want to go.
TEJINDER GREWAL: 604-837-3101
rcic · cric
License No. 562

# ਨਿਊ ਯੌਰਕ ਦੇ ਸਬਵੇਅ ਸਟੇਸ਼ਨ ਉੱਤੇ ਚੱਲੀਆਂ ਗੋਲੀਆਂ-ਇੱਕ ਹਲਾਕ

ਨਿਊ ਯੌਰਕ-ਸੋਮਵਾਰ ਨੂੰ ਨਿਊ ਯੌਰਕ ਸਿਟੀ ਸਬਵੇਅ ਸਟੇਸ਼ਨ ਉੱਤੇ ਚੱਲੀ ਗੋਲੀ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ ਜਦਕਿ ਪੰਜ ਹੋਰ ਜ਼ਖ਼ਮੀ ਹੋ ਗਏ। ਇਹ ਘਟਨਾ ਸ਼ਾਮ ਸਮੇਂ ਉਦੋਂ ਵਾਪਰੀ ਜਦੋਂ ਕਾਫੀ ਭੀੜ ਭਾੜ ਹੁੰਦੀ ਹੈ। ਇਹ ਜਾਣਕਾਰੀ ਅਧਿਕਾਰੀਆਂ ਨੇ ਦਿੱਤੀ। ਦੁਪਹਿਰੇ 4:30 ਵਜੇ ਦੇ ਨੇੜੇ ਤੇੜੇ ਬਰੌਂਕਸ ਦੇ ਰੇਲਵੇ ਪਲੇਟਫਾਰਮ ਉੱਤੇ ਗੋਲੀਆਂ ਚੱਲੀਆਂ। ਇਸ ਸਮੇਂ ਪੂਰੀ ਸਿਟੀ ਵਿੱਚ ਸਟੇਸ਼ਨ ਸਕੂਲਾਂ ਤੋਂ ਘਰ ਪਰਤ ਰਹੇ ਬੱਚਿਆਂ ਤੇ ਸ਼ਾਮ ਦੀ ਸ਼ਿਫਟ ਸ਼ੁਰੂ ਕਰਨ ਜਾ ਰਹੇ ਲੋਕਾਂ ਨਾਲ ਭਰੇ ਹੁੰਦੇ ਹਨ। ਪੁਲਿਸ ਨੇ ਦੱਸਿਆ ਕਿ ਇੱਕ ਵਿਅਕਤੀ, ਜੋ ਕਿ ਆਪਣੇ 30ਵਿਆਂ ਵਿੱਚ ਸੀ, ਇਸ ਗੋਲੀਕਾਂਡ ਵਿੱਚ ਮਾਰਿਆ ਗਿਆ। ਫਾਇਰ ਡਿਪਾਰਟਮੈਂਟ ਦੇ ਬੁਲਾਰੇ ਨੇ ਦੱਸਿਆ ਕਿ ਚਾਰ ਜ਼ਖ਼ਮੀ ਹੋਏ ਹੋਰਨਾਂ ਵਿਅਕਤੀਆਂ ਦੀ ਹਾਲਤ ਵੀ ਨਾਜ਼ੁਕ ਹੈ। ਪੁਲਿਸ ਇਸ ਘਟਨਾ ਦੇ ਸਬੰਧ ਵਿੱਚ ਹੋਰ ਵੇਰਵੇ ਮੁਹੱਈਆ ਕਰਵਾਉਣ ਵਿੱਚ ਤਾਂ ਸਫਲ ਨਹੀਂ ਹੋਈ ਪਰ ਉਨ੍ਹਾਂ ਦੱਸਿਆ ਕਿ ਕਾਰੇ ਨੂੰ ਅੰਜਾਮ ਦੇਣ ਤੋਂ ਬਾਅਦ ਮੌਕੇ ਤੋਂ ਫਰਾਰ ਹੋਏ ਮਸ਼ਕੂਕ ਦੀ ਉਨ੍ਹਾਂ ਵੱਲੋਂ ਭਾਲ ਕੀਤੀ ਜਾ ਰਹੀ ਹੈ।






# ਕੈਂਸਸ ਸਿਟੀ ਦੀ ਸੁਪਰ ਬੋਲ ਪਰੇਡ ’ਚ ਚੱਲੀਆਂ ਗੋਲੀਆਂ-1 ਹਲਾਕ, 20 ਜ਼ਖ਼ਮੀ

ਕੈਂਸਸ ਸਿਟੀ-ਬੁੱਧਵਾਰ ਨੂੰ ਕੈਂਸਸ ਸਿਟੀ ਦੀ ਚੀਫ ਸੁਪਰ ਬੋਲ ਰੈਲੀ ਦੌਰਾਨ ਚੱਲੀਆਂ ਗੋਲੀਆਂ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਤੇ 20 ਹੋਰ ਜ਼ਖ਼ਮੀ ਹੋ ਗਏ। ਇਹ ਜਾਣਕਾਰੀ ਕੈਂਸਸ ਸਿਟੀ ਪੁਲਿਸ ਦੀ ਚੀਫ ਸਟੇਸੀ ਗ੍ਰੇਵਜ਼ ਨੇ ਦਿੱਤੀ। ਉਨ੍ਹਾਂ ਆਖਿਆ ਕਿ ਇੱਕ ਵਿਅਕਤੀ ਦੀ ਮੌਤ ਜ਼ਰੂਰ ਹੋਈ ਹੈ ਤੇ ਬਾਕੀ ਜ਼ਖ਼ਮੀਆਂ ਦੀ ਗਿਣਤੀ ਅਜੇ ਕੀਤੀ ਜਾ ਰਹੀ ਹੈ। ਆਪਣੀ ਟੀਮ ਦੀ ਲਗਾਤਾਰ ਜਿੱਤ ਦੇ ਜਸ਼ਨ ਮਨਾਉਣ ਲਈ ਅੰਦਾਜ਼ਨ ਇੱਕ ਮਿਲੀਅਨ ਲੋਕ ਡਾਊਨਟਾਊਨ ਕੈਂਸਸ ਸਿਟੀ ਵਿੱਚ ਸਨ। ਜਿਸ ਇਲਾਕੇ ਵਿੱਚ ਗੋਲੀਆਂ ਚੱਲੀਆਂ ਉਹ ਉਸ ਥਾਂ ਤੋਂ ਥੋੜ੍ਹੀ ਦੂਰੀ ਉੱਤੇ ਹੀ ਸੀ ਜਿੱਥੇ ਟੀਮ ਨੇ ਆਪਣੇ ਹਜ਼ਾਰਾਂ ਫੈਨਜ਼ ਲਈ ਜੇਤੂ ਰੈਲੀ ਕੱਢੀ ਸੀ।ਇਸ ਭੀੜ ਵਿੱਚ ਬੱਚੇ ਵੀ ਸ਼ਾਮਲ ਸਨ।ਕੈਂਸਸ ਸਿਟੀ ਦੇ ਮੈਟਰੋ ਏਰੀਆ ਦੇ ਸਕੂਲ ਡਿਸਟ੍ਰਿਕਟਸ ਵੱਲੋਂ ਕਲਾਸਾਂ ਰੱਦ ਕਰ ਦਿੱਤੀਆਂ ਗਈਆਂ ਸਨ ਤਾਂ ਕਿ ਵਿਦਿਆਰਥੀ ਵੀ ਇਨ੍ਹਾਂ ਜਸ਼ਨਾਂ ਵਿੱਚ ਹਿੱਸਾ ਲੈ ਸਕਣ। ਹਸਪਤਾਲ ਦੇ ਬੁਲਾਰੇ ਕੀਥ ਕਿੰਗ ਅਨੁਸਾਰ ਬੁੱਧਵਾਰ ਨੂੰ ਜ਼ਖ਼ਮੀ ਹੋਏ ਬਾਰਾਂ ਵਿਅਕਤੀਆਂ ਨੂੰ ਯੂਨੀਵਰਸਿਟੀ ਹੈਲਥ ਟਰੂਮਨ ਮੈਡੀਕਲ ਸੈਂਟਰ ਲਿਜਾਇਆ ਗਿਆ।ਜਿਸ ਸਮੇਂ ਗੋਲੀਆਂ ਚੱਲੀਆਂ ਤਾਂ ਖਿਡਾਰੀ ਅਜੇ ਵੀ ਚੀਫਜ਼ ਦੀ ਵਿਕਟਰੀ ਰੈਲੀ ਦੀ ਸਟੇਜ ਉੱਤੇ ਮੌਜੂਦ ਸਨ।ਕੁੱਝ ਲੋਕ ਇੱਧਰ ਉੱਧਰ ਖਿੱਲਰ ਗਏ ਪਰ ਇਹ ਏਰੀਆ ਅਜੇ ਵੀ ਪ੍ਰਸ਼ੰਸਕਾਂ ਨਾਲ ਭਰਿਆ ਹੋਇਆ ਸੀ। ਗਰੇਵਜ਼ ਨੇ ਦੱਸਿਆ ਕਿ ਸ਼ੂਟਿੰਗ ਤੋਂ ਬਾਅਦ ਦੋ ਮਸ਼ਕੂਕਾਂ ਨੂੰ ਹਿਰਾਸਤ ਵਿੱਚ ਲਿਆ ਗਿਆ। 800 ਦੇ ਨੇੜੇ ਤੇੜੇ ਪੁਲਿਸ ਅਧਿਕਾਰੀ ਵੀ ਉਸ ਸਮੇਂ ਇਲਾਕੇ ਵਿੱਚ ਸਨ ਜਦੋਂ ਗੋਲੀਆਂ ਚੱਲੀਆਂ। ਉਨ੍ਹਾਂ ਦੱਸਿਆ ਕਿ ਗੋਲੀਆਂ ਯੂਨੀਅਨ ਸਟੇਸ਼ਨ ਦੇ ਪੱਛਮ ਵੱਲ ਚੱਲੀਆਂ। ਇੱਕ ਨਿਊਜ਼ ਕਾਨਫਰੰਸ ਵਿੱਚ ਮੇਅਰ ਕਿੰਟਨ ਲੂਕਸ ਨੇ ਆਖਿਆ ਕਿ ਚੀਫਜ਼ ਦੇ ਸਾਰੇ ਖਿਡਾਰੀ, ਕੋਚ ਤੇ ਹੋਰ ਸਟਾਫ ਸੁਰੱਖਿਅਤ ਹਨ।


# ROHITA PANNU LAW CORPORATION

## BARRISTER & SOLICITOR




## SERVICES

- ALL NOTARY PUBLIC
- WILLS & ESTATE
- RESIDENTIAL & COMMERCIAL
- REAL ESTATE BUYING & SELLING
- MORTGAGES
- DIVORCE/ FAMILY LAW

- ਨੋਟਰੀ ਸੇਵਾਵਾਂ
- ਵਸੀਅਤਨਾਮਾ
- ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ
- ਹਲਫੀਆ ਬਿਆਨ
- ਘਰਾਂ ਦੀ ਖਰੀਦੋ- ਫਰੋਖਤ
- ਮੋਰਟਗੇਜ਼
- ਤਲਾਕ (ਫੈਮਲੀ-ਲਾਅ)

Ph: 604.589.1399

Fax : 604.589.1556

www.rohitapannulaw.com

# 102-9278, 120th Street, Surrey, BC V3V 4W8


# ਬਾਲ ਜਿਣਸੀ ਸ਼ੋਸ਼ਣ ਮਾਮਲੇ ’ਚ ਦੋਸ਼ੀ ਦੀ ਸਜ਼ਾ ਮੁਆਫੀ ਰਾਸ਼ਟਰਪਤੀ ’ਤੇ ਭਾਰੀ, ਦੇਣਾ ਪਿਆ ਅਸਤੀਫਾ



ਬੁਡਾਪੈਸਟ-ਹੰਗਰੀ ਦੀ ਰਾਸ਼ਟਰਪਤੀ ਕੈਟਾਲਿਨ ਨੋਵਾਕ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਕੈਟਾਲਿਨ ਨੋਵਾਕ ਨੇ ਸ਼ਨੀਵਾਰ ਨੂੰ ਆਪਣੇ ਅਸਤੀਫੇ ਦਾ ਐਲਾਨ ਕੀਤਾ। ਦਰਅਸਲ ਕੈਟਾਲਿਨ ਨੋਵਾਕ ਨੇ ਬਾਲ ਯੌਨ ਸ਼ੋਸ਼ਣ ਮਾਮਲੇ ‘ਚ ਦੋਸ਼ੀ ਦੀ ਸਜ਼ਾ ਮੁਆਫ ਕਰ ਦਿੱਤੀ ਸੀ, ਜਿਸ ਦਾ ਲੋਕਾਂ ਨੇ ਵਿਰੋਧ ਕੀਤਾ ਸੀ ਅਤੇ ਇਸ ਵਿਰੋਧ ਕਾਰਨ ਕੈਟਲਿਨ ਨੋਵਾਕ ਨੂੰ ਰਾਸ਼ਟਰਪਤੀ ਦੇ ਅਹੁਦੇ ਤੋਂ ਅਸਤੀਫਾ ਦੇਣਾ ਪਿਆ ਸੀ। ਦੱਸਣਯੋਗ ਹੈ ਕਿ 46 ਸਾਲਾ ਕੈਟਾਲਿਨ ਨੋਵਾਕ ਨੇ ਕਿਹਾ ਕਿ ਉਸ ਤੋਂ ਗਲਤੀ ਹੋ ਗਈ ਹੈ ਅਤੇ ਇਸ ਕਾਰਨ ਉਸ ਨੇ ਰਾਸ਼ਟਰਪਤੀ ਦੇ ਅਹੁਦੇ ਤੋਂ ਅਸਤੀਫਾ ਦੇਣ ਦਾ ਫੈਸਲਾ ਕੀਤਾ ਹੈ। ਨੋਵਾਕ ਨੇ ਕਿਹਾ, ‘ਮੈਂ ਉਨ੍ਹਾਂ ਸਾਰਿਆਂ ਤੋਂ ਮੁਆਫੀ ਮੰਗਦੀ ਹਾਂ ਜਿਨ੍ਹਾਂ ਨੂੰ ਮੇਰੇ ਫੈਸਲੇ ਕਾਰਨ ਦੁੱਖ ਹੋਇਆ। ਮੈਂ ਹਮੇਸ਼ਾ ਬੱਚਿਆਂ ਅਤੇ ਪਰਿਵਾਰਾਂ ਦੀ ਸੁਰੱਖਿਆ ਦੇ ਹੱਕ ਵਿੱਚ ਰਹੀ ਹਾਂ ਅਤੇ ਰਹਾਂਗੀ। ਚਿਲਡਰਨ ਹੋਮ ਦੇ ਸਾਬਕਾ ਡਿਪਟੀ ਡਾਇਰੈਕਟਰ ਨੂੰ ਆਪਣੇ ਬੌਸ ਵੱਲੋਂ ਚਿਲਡਰਨ ਹੋਮ ਦੇ ਬੱਚਿਆਂ ਦਾ ਜਿਣਸੀ ਸ਼ੋਸ਼ਣ ਕਰਨ ਦੇ ਜੁਰਮ ਨੂੰ ਛੁਪਾਉਣ ਦਾ ਦੋਸ਼ੀ ਪਾਇਆ ਗਿਆ ਸੀ। ਜਿਸ ਦੀ ਸਜ਼ਾ ਨੋਵਾਕ ਨੇ ਮੁਆਫ ਕਰ ਦਿੱਤੀ ਸੀ। ਜਦੋਂ ਮੀਡੀਆ ਨੇ ਇਸ ਗੱਲ ਦਾ ਖੁਲਾਸਾ ਕੀਤਾ ਤਾਂ ਲੋਕ ਗੁੱਸੇ ‘ਚ ਆ ਗਏ। ਵਿਰੋਧੀ ਧਿਰ ਨੇ ਵਿਰੋਧ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ ਅਤੇ ਕੈਟਾਲਿਨ ਨੋਵਾਕ ਦੇ ਅਸਤੀਫੇ ਦੀ ਮੰਗ ਕੀਤੀ। ਵਧਦੇ ਵਿਰੋਧ ਕਾਰਨ ਕੈਟਾਲਿਨ ਨੋਵਾਕ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ।

ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼...

# ਬੇਗ਼ਮਪੁਰਾ ਦੇ ਸੁਪਨਸਾਜ਼, ਸ਼ੋ੍ਮਣੀ ਕਵੀ-ਗੁਰੂ ਰਵਿਦਾਸ



**ਕੁਲਵੰਤ ਸਿੰਘ ਮੀਆਂਪੁਰੀ**

ਮਹਾਨ ਚਿੰਤਕ ਅਤੇ ਸ਼੍ਰੋਮਣੀ ਕਵੀ ਗੁਰੂ ਰਵਿਦਾਸ ਦਾ ਜਨਮ ਬਨਾਰਸ ਲਾਗੇ ਸਥਿਤ ਪਿੰਡ ਮਾਂਡੂਰ ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਂ ਰਘੂ (ਰਾਘਵ) ਅਤੇ ਮਾਤਾ ਦਾ ਨਾਂ ਕਰਮਾਂ ਦੇਵੀ ਲਿਖਿਆ ਮਿਲਦਾ ਹੈ। ਉਨ੍ਹਾਂ ਦੇ ਜਨਮ ਬਾਰੇ ਵਿਦਵਾਨਾਂ ਦੀਆਂ ਵੱਖ-ਵੱਖ ਰਾਵਾਂ ਹਨ ਪਰ ਅੱਜ ਦੀ ਖੋਜ ਤੇ ਵਿਦਵਾਨਾਂ ਅਨੁਸਾਰ ਉਨ੍ਹਾਂ ਦਾ ਜਨਮ 1433 ਬਿਕ੍ਰਮੀ (1377 ਈ:) ਨੂੰ ਹੋਇਆ ਤੇ 1584 ਬਿਕ੍ਰਮੀ (1527 ਈ:) ਨੂੰ ਜੋਤੀ ਜੋਤ ਸਮਾ ਗਏ। ਗੁਰੂ ਰਵਿਦਾਸ ਜੀ ਬਚਪਨ ਤੋਂ ਹੀ ਆਪਣੇ ਪਿਤਾ ਪੁਰਖੀ ਕੰਮ ਵਿਚ ਮਾਪਿਆਂ ਦਾ ਹੱਥ ਵਟਾਉਣ ਲੱਗ ਪਏ ਸਨ। ਉਹ ਜੁੱਤੀਆਂ ਗੰਢ ਕੇ ਦਸਾਂ ਨਹੁੰਆਂ ਦੀ ਕਿਰਤ ਕਰ ਕੇ ਗੁਜ਼ਾਰਾ ਕਰਦੇ। ਜੋ ਵੀ ਉਨ੍ਹਾਂ ਕੋਲ ਆਉਂਦਾ, ਉਹ ਉਸ ਦੀ ਦਿਲੋਂ ਸੇਵਾ ਕਰਦੇ ਅਤੇ ਪ੍ਰਭੂ ਭਗਤੀ ਵਿਚ ਲੀਨ ਰਹਿੰਦੇ। ਆਪਣੀ ਬਾਣੀ ਵਿਚ ਗੁਰੂ ਰਵਿਦਾਸ ਬਿਆਨ ਕਰਦੇ ਹਨ:

**ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ।।**
**ਅਤੇ**
**ਕਹਿ ਰਵਿਦਾਸ ਖਲਾਸ ਚਮਾਰਾ।।**

ਉਨ੍ਹਾਂ ਨੇ ਸਵਾਮੀ ਰਾਮਾ ਨੰਦ ਨੂੰ ਆਪਣਾ ਗੁਰੂ ਧਾਰਿਆ ਅਤੇ ਵੈਸ਼ਨਵ ਮੱਤ ਵਿੱਚ ਸ਼ਾਮਲ ਹੋ ਗਏ। ਉਹ ਕਿਰਤ ਕਰਦਿਆਂ ਵੀ ਨਾਮ ਸਿਮਰਨ ਕਰਦੇ ਅਤੇ ਸੁਆਸ-ਸੁਆਸ ਰੱਬ ਨੂੰ ਚੇਤੇ ਕਰਦੇ। ਉਨ੍ਹਾਂ ਦੇ ਸਮਕਾਲੀ ਭਗਤ ਧੰਨਾ ਜੀ ਦੀ ਬਾਣੀ ਵੀ ਇਸ ਵਲ ਸੰਕੇਤ ਕਰਦੀ ਹੈ:

ਰਵਿਦਾਸ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ।।
ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ।।

ਰਵਿਦਾਸ ਮਹਾਰਾਜ ਸਿਮਰਨ ਕਰਦੇ ਕਰਦੇ ਇਸ ਅਵਸਥਾ ਵਿਚ ਪਹੁੰਚ ਗਏ ਕਿ ਪ੍ਰਭੂ ਸ਼ਕਤੀ ਵਿਚ ਲੀਨ ਹੋ ਗਏ। ਉਨ੍ਹਾਂ ਵਿਚ ਤੇਰੇ-ਮੇਰੇ ਅਤੇ ਊਚ-ਨੀਚ ਵਿਚ ਕੋਈ ਫ਼ਰਕ ਬਾਕੀ ਨਹੀਂ ਰਿਹਾ ਅਤੇ ਸਮ-ਦ੍ਰਿਸ਼ਟੀ ਹੋ ਗਏ। ਉਹ ਸਰਵ ਵਿਆਪਕ ਪ੍ਰਮਾਤਮਾ ਨਾਲ ਓਤ-ਪੋਤ ਹੋ ਕੇ, ਇਕ-ਮਨ ਇਕ-ਚਿਤ ਹੋ ਕੇ ਅਲਾਪਣ ਲੱਗ ਪਏ:

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ।।
ਕਨਕ ਕਟਿਕ ਜਲ ਤਰੰਗ ਜੈਸਾ।।

ਉਨ੍ਹਾਂ ਦਾ ਜਸ ਚਾਰ ਚੁਫੇਰੇ ਹੋਣ ਲੱਗਾ। ਕੀ ਨੀਚ, ਕੀ ਊਚ, ਕੀ ਗਰੀਬ, ਕੀ ਅਮੀਰ, ਇਥੋਂ ਤਕ ਕਿ ਉਸ ਵੇਲੇ ਦੇ ਕੱਟੜ ਬ੍ਰਾਹਮਣਵਾਦੀ ਸੋਚ ਦੇ ਲੋਕ ਵੀ ਉਨ੍ਹਾਂ ਦੇ ਦਰਸ਼ਨਾਂ ਤੇ ਸੰਗਤ ਦਾ ਲਾਹਾ ਲੈਣ ਲਈ ਆਉਣ ਲੱਗੇ। ਇਹ ਉਹ ਸਮਾਂ ਸੀ ਜਦੋਂ ਗਰੀਬ ਵਰਗ ਦੇ ਲੋਕਾਂ ਦਾ ਪਰਛਾਵਾਂ ਵੀ ਕਥਿਤ ਉੱਚ ਜਾਤੀਆਂ ਤੇ ਬ੍ਰਾਹਮਣ ਵਰਗ ਦੇ ਲੋਕਾਂ ਦੇ ਮੱਥੇ 'ਤੇ ਉਡਣੇ ਸੱਪ ਵਾਂਗ ਡੰਗ ਮਾਰਨ ਦਾ ਕੰਮ ਕਰਦਾ ਸੀ:

ਜਾ ਕੇ ਕੁਟੰਬ ਕੇ ਢੇਢ ਢੋਵੰਤ ਫਿਰਹਿ
ਅਜਹੁ ਬੰਨਾਰਸੀ ਆਸ ਪਾਸਾ।।
ਆਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ ਤਿਨ ਤਨੈ ਰਵਿਦਾਸ ਦਾਸਾਨ ਦਾਸਾ।।

ਉਨ੍ਹਾਂ ਦੇ ਨਾਂ ਦੀ ਮਹਿਮਾ ਐਨੀ ਫੈਲ ਗਈ ਕਿ ਰਵਿਦਾਸ ਗੁਰੂ ਜੀ ਦੇ ਪੈਰੋਕਾਰਾਂ ਵਿਚ ਉੱਚ ਵਰਗ ਦੇ ਲੋਕ, ਅਮੀਰ ਅਤੇ ਕਹਿੰਦੇ ਕਹਾਉਂਦੇ ਲੋਕ ਹੀ ਸ਼ਾਮਲ ਨਹੀਂ ਹੋਏ, ਸਗੋਂ ਚਿਤੌੜ ਦੇ ਰਾਜਪੂਤ ਘਰਾਣੇ ਦੀ ਰਾਣੀ ਝਾਲਾਂ ਬਾਈ ਵੀ ਉਨ੍ਹਾਂ ਦੀ ਸੇਵਕ ਬਣ ਗਈ। ਰਾਣੀ ਝਾਲਾਂ ਬਾਈ ਨੇ ਤਾਂ ਰਵਿਦਾਸ ਜੀ ਦੇ ਦੂਜੇ ਸੇਵਕਾਂ ਨਾਲ ਖੁਰਾਲਗੜ੍ਹ (ਨੇੜੇ ਗੜ੍ਹਸ਼ੰਕਰ) ਬੀਤ ਦੇ ਇਲਾਕੇ ਵਿਚ ਲੰਮਾ ਸਮਾਂ ਗੁਰੂ ਜੀ ਦੀ ਸੇਵਾ ਕੀਤੀ ਅਤੇ ਆਪ ਵੀ ਪ੍ਰਭੂ ਭਗਤੀ ਵਿਚ ਲੀਨ ਰਹਿਣ ਲੱਗੀ। ਗੁਰੂ ਰਵਿਦਾਸ ਦੀ ਮਹਿਮਾ ਦਾ ਗੁਣਗਾਨ ਕਰਦਿਆਂ ਭਾਈ ਗੁਰਦਾਸ ਜੀ ਲਿੱਖਦੇ ਹਨ:

ਗੁਰੂ ਗੁਰੂ ਜਗਿ ਵਜਿਆ
ਚਹੁੰ ਚਕਾਂ ਦੇ ਵਿਚ ਚਮਰੇਟਾ।।
ਚਹੁੰ ਵਰਨਾ ਉਪਦੇਸ਼ ਦਾ
ਗਿਆਨ ਧਿਆਨ ਕਰ ਭਗਤ ਸਹੇਟਾ।।

ਗੁਰੂ ਰਵਿਦਾਸ ਜੀ ਸੱਚੀ ਸੁੱਚੀ ਕਿਰਤ, ਨਿਮਰਤਾ, ਸਹਿਣਸ਼ੀਲਤਾ ਅਤੇ ਪ੍ਰਭੂ ਭਗਤੀ ਦਾ ਜਿਊਂਦਾ ਜਾਗਦਾ ਮੁਜੱਸਮਾ ਸਨ। ਉਹ ਭਗਤੀ, ਸੇਵਾ, ਸਿਮਰਨ, ਸੰਤੋਖ ਤੇ ਕਰਮਸ਼ੀਲਤਾ ਨੂੰ ਹੀ ਜੀਵਨ ਦਾ ਮਕਸਦ ਸਮਝਦੇ। ਉਨ੍ਹਾਂ ਦੀ ਬਾਣੀ ਪ੍ਰਭੂ ਪ੍ਰਮੇਸ਼ਵਰ ਦੇ ਇੱਕ ਹੋਣ, ਸਰਬ ਸ਼ਕਤੀਮਾਨ, ਸਰਬ ਵਿਆਪਕ ਤੇ ਮਨੁੱਖਤਾ ਦੀ ਇਕਸੁਰਤਾ ਤੇ ਬਰਾਬਰੀ ਦਾ ਉਪਦੇਸ਼ ਦਿੰਦੀ ਹੈ।

ਗੁਰੂ ਰਵਿਦਾਸ ਜੀ ਦੁਆਰਾ ਰਚਿਤ ਸ਼ਬਦ 'ਬੇਗਮਪੁਰਾ ਸ਼ਹਿਰ ਕੋ ਨਾਉਂ' ਵਿਚ ਵਰਤੇ ਬਿੰਬ ਅਤੇ ਅਲੰਕਾਰ ਉਨ੍ਹਾਂ ਦੀ ਦੂਰ ਦ੍ਰਿਸ਼ਟੀ, ਵਿਸ਼ਾਲ ਸੋਚ ਹੱਕ ਤੇ ਸੱਚ ਦੇ ਹਾਮੀ, ਮਨੁੱਖੀ ਤੜਪ, ਸਮੇਂ ਦੀ ਮੰਗ, ਰਾਜਨੀਤਿਕ ਤੇ ਧਾਰਮਿਕ ਸੋਚ, ਆਜ਼ਾਦ ਫਿਜ਼ਾ ਵਿਚ ਰਹਿਣ ਦੀ ਲੋਚਾ, ਜਗੀਰੂ ਬੰਧਨਾਂ ਤੋਂ ਛੁਟਕਾਰਾ, ਡਰ ਅਤੇ ਭੈਅ ਤੋਂ ਮੁਕਤੀ, ਤੁਰਨ-ਫਿਰਨ ਦੀ ਆਜ਼ਾਦੀ ਅਤੇ ਕਿਸੇ ਕਿਸਮ ਦੇ ਟੈਕਸ ਆਦਿ ਤੋਂ ਛੁਟਕਾਰਾ, ਮਨੁੱਖ ਮਾਤਰ ਦੇ ਸੱਚੇ ਹਮਦਰਦ ਤੇ ਸ਼ਹਿਰ ਰੂਪੀ ਦੇਸ਼ ਨੂੰ ਬਿਹਤਰੀਨ ਅਤੇ ਖੁਸ਼ਹਾਲ ਬਣਾਉਣ ਦਾ ਪ੍ਰਤੀਕ ਹਨ। ਉਹ ਸੱਚੇ ਦਿਲੋਂ ਚਿਤਵਦੇ ਹਨ:

ਬੇਗਮ ਪੁਰਾ ਸਹਰ ਕੋ ਨਾਉ।।
ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨਾ ਤਸਵੀਸ ਖਿਰਾਜੁ ਨ ਮਾਲੁ।।
ਖਉਫੁ ਨ ਖਤਾ ਨ ਤਰਸੁ ਜਵਾਲੁ।।
ਅਬ ਮੋਹਿ ਖੂਬ ਵਤਨ ਗਹ ਪਾਈ।।
ਊਹਾਂ ਖੈਰਿ ਸਦਾ ਮੇਰੇ ਭਾਈ।।
ਕਾਇਮੁ ਦਾਇਮੁ ਸਦਾ ਪਾਤਿਸਾਹੀ।।
ਦੋਮ ਨ ਸੇਮ ਏਕ ਸੋ ਆਹੀ।।
ਆਬਾਦਾਨੁ ਸਦਾ ਮਸਹੂਰ।।
ਊਹਾ ਗਨੀ ਬਸਹਿ ਮਾਮੂਰ।।
ਤਿਉ ਤਿਉ ਸੈਲ ਕਰਹਿ ਜਿਉ ਭਾਵੈ
ਮਹਰਮ ਮਹਲ ਨ ਕੋ ਅਟਕਾਵੈ।।
ਕਹਿ ਰਵਿਦਾਸ ਖਲਾਸ ਚਮਾਰਾ
ਜੋ ਹਮ ਸਹਰੀ ਸੁ ਮੀਤੁ ਹਮਾਰਾ।।

ਜਿੱਥੇ ਉਕਤ ਸਤਰਾਂ ਉਨ੍ਹਾਂ ਦੀ ਮਨੁੱਖ ਮਾਤਰ ਅਤੇ ਇਨਸਾਨ ਦੇ ਵਿਅਕਤੀਗਤ ਸਰਬ ਕਲਿਆਣ ਅਤੇ ਸੁਚੱਜੀ ਜੀਵਨ ਸ਼ੈਲੀ ਦੀ ਸਰਬਸ੍ਰੇਸ਼ਟ ਲੋਚਾ ਦਾ ਪ੍ਰਤੀਕ ਹਨ, ਉਥੇ ਰਾਜਨੀਤਿਕ ਲੋਕਾਂ ਨੂੰ ਇਹ ਤਕੜਾ ਹਲੂਣਾ ਵੀ ਹੈ ਕਿ ਜੋ ਨਕਸ਼ਾ ਉਨ੍ਹਾਂ ਨੇ ਬੇਗਮਪੁਰੇ ਦਾ ਚਿਤਰਿਆ ਹੈ, ਉਹ ਉਸ ਦੇ ਅਨੁਰੂਪ ਢਾਂਚਾ ਤਿਆਰ ਕਰਨ ਤਾਂ ਜੋ ਹਰ ਬਸ਼ਰ ਇੱਕ ਸੁਚੱਜਾ ਜੀਵਨ ਬਸਰ ਕਰ ਸਕੇ। ਗੁਰੂ ਰਵਿਦਾਸ ਨੇ ਮਨੁੱਖ ਮਾਤਰ ਦਾ ਜ਼ਿੰਦਗੀ ਦੇ ਹਰ ਮੋੜ 'ਤੇ ਮਾਰਗ ਦਰਸ਼ਨ ਕੀਤਾ ਹੈ।

# ਗੁਰੂ ਰਵਿਦਾਸ ਬਾਣੀ ਤੇ ਸਮਾਜਿਕ ਚੇਤਨਾ

ਜਾਤ-ਪਾਤ ਵਾਲੀ ਪੱਖਪਾਤੀ ਤੇ ਲੋਕ-ਦੋਖੀ ਸਮਾਜਿਕ-ਵਿਵਸਥਾ ਸਬੰਧੀ ਗੁਰੂ ਰਵਿਦਾਸ ਨੇ ਕੁਦਰਤ ਨਾਲ ਇਕਮਿਕਤਾ ਦਾ ਪ੍ਰਗਟਾਵਾ ਕਰਦਿਆਂ, 'ਭਾਈ ਰੇ ਰਾਮ ਕਹਾਂ ਹੈ, ਮੋਹਿ ਬਤਾਓ', 'ਤੋੜੂੰ ਨਾ ਪਾਤੀ ਪੂਜੂੰ ਨਾ ਦੇਵਾ' ਅਤੇ 'ਮਨ ਚੰਗਾ ਤਾਂ ਕਠੌਤੀ ਮੇਂ ਗੰਗਾ' ਵਰਗੇ ਮੂਲ ਮੁੱਦੇ ਉਭਾਰੇ। ਉਨ੍ਹਾਂ ਲੋਕ-ਲਹਿਰ ਉਸਾਰੀ ਤੇ ਪਸਾਰੀ ਅਤੇ ਦੱਸਿਆ ਕਿ ਰਾਮ ਤੇ ਰਹੀਮ, ਕ੍ਰਿਸ਼ਨ ਤੇ ਕਰੀਮ ਨੂੰ ਇਕ ਸਮਝੋ। ਅਸੀਂ ਧਰਤੀ ਦੇ ਸਾਰੇ ਜੀਵ-ਜੰਤੂ, ਕੱਛ-ਮੱਛ, ਰੁੱਖ ਤੇ ਮਨੁੱਖ ਇਕ ਈਸ਼ਵਰ ਦੀ ਰਚਨਾ ਹਾਂ। ਉਨ੍ਹਾਂ ਸੁਚੱਜੇ ਸਮਾਜਿਕ ਸੰਚਾਲਨ ਲਈ ਹਿੰਦੂ-ਮੁਸਲਿਮ ਦੇ ਇਕ ਭਾਈਚਾਰਾ ਹੋਣ ਬਾਰੇ ਵਿਚਾਰ ਪੇਸ਼ ਕੀਤੇ। ਉਦਾਹਰਣ ਵਜੋਂ:

**ਮੰਦਰ ਮਸਜਿਦ ਏਕ ਹੈ,**
**ਇਨੁ ਮਹਿ ਅੰਤਰਿ ਨਾਹੀ।**
**ਰਵਿਦਾਸ ਰਾਮ ਰਹਮਾਨ ਕਾ,**
**ਝਗੜਹੁ ਕੋਈ ਨਾਹਿ।**

ਗੁਰੂ ਰਵਿਦਾਸ ਦਾ ਆਗਮਨ 14ਵੀਂ ਸਦੀ ਦੇ ਉਨ੍ਹਾਂ ਹਨੇਰਗਰਦੀ ਵਾਲੇ ਸਮਿਆਂ ਵਿਚ ਹੋਇਆ ਜਦੋਂ ਸ਼ੂਦਰਾਂ ਤੇ ਅਤਿ ਸ਼ੂਦਰਾਂ (ਅਛੂਤਾਂ) ਦਾ ਜਿਉਣਾ ਕਲਪਤ ਨਰਕ ਨਾਲੋਂ ਵੀ ਵੱਧ ਦੁਸ਼ਵਾਰ ਧਰਤੀ 'ਤੇ ਹੀ ਬਣਿਆ ਹੋਇਆ ਸੀ। ਇਸ ਮਨੁੱਖ-ਮਾਰੂ ਤੇ ਅਨਿਆਂ ਭਰੀ ਸਮਾਜਿਕ ਵਿਵਸਥਾ ਦੀਆਂ ਚੂਲਾਂ ਹਿਲਾਉਣ ਲਈ ਦੇਸ਼ ਅੰਦਰ ਭਗਤੀ ਅੰਦੋਲਨ ਆਰੰਭ ਹੋ ਚੁੱਕਾ ਸੀ। ਇਸ ਵਿਚ ਮੁੱਖ ਤੌਰ 'ਤੇ ਚਮੜੇ ਦਾ ਕੰਮ ਕਰਨ ਵਾਲੇ, ਬੁਣਕਰ ਤੇ ਹੋਰ ਕਾਰੀਗਰ ਬਰਾਦਰੀਆਂ ਦੇ ਲੋਕ-ਕਵੀ, ਸੰਤ ਸ਼ਾਮਲ ਸਨ। ਇਨ੍ਹਾਂ 'ਚੋਂ ਭਗਤ ਨਾਮਦੇਵ (ਮਹਾਰਾਸ਼ਟਰ), ਭਗਤ ਰਵਿਦਾਸ (ਉਤਰ ਪ੍ਰਦੇਸ਼), ਭਗਤ ਕਬੀਰ (ਬਨਾਰਸ), ਭਗਤ ਸਧਨਾ (ਕਸਾਈ-ਸਿੰਧੂ), ਭਗਤ ਸੈਣ (ਨਾਈ ਉੱਤਰ ਪ੍ਰਦੇਸ਼), ਭਗਤ ਪੀਪਾ (ਜੋਗੀ-ਗੰਗਰੌਣਗੜ੍ਹ), ਭਗਤ ਧੰਨਾ (ਜਾਟ-ਰਾਜਪੂਤਾਨਾ), ਦੱਖਣ ਵਿਚ ਚੋਖਾਮੇਲਾ ਤੇ ਨਾਰਾਇਣ ਗੁਰੂ ਪ੍ਰਮੁੱਖ ਸਨ। ਇਨ੍ਹਾਂ ਸਾਰੇ ਸੰਤਾਂ-ਗੁਰੂਆਂ ਨੇ ਆਪਣੀ ਬਾਣੀ ਸਮਾਜਿਕ ਰੋਸ ਤੋਂ ਵੀ ਅੱਗੇ ਰੋਹ-ਵਿਦਰੋਹ ਤਕ ਪਹੁੰਚਾ ਦਿੱਤੀ। ਲੋਕਾਂ ਨੂੰ ਸਮਾਜਿਕ, ਸਭਿਆਚਾਰਕ, ਸਮਾਜਿਕ ਸਨਮਾਨ ਤੇ ਆਰਥਿਕ ਸੁਤੰਤਰਤਾ ਦੀ ਪ੍ਰਾਪਤੀ ਖਾਤਰ ਨੰਗੇ-ਧੜ ਜੂਝਣ ਲਈ ਪ੍ਰੇਰਿਆ ਜਿਸ ਦਾ ਨਤੀਜਾ ਵਿਆਪਕ ਸਮਾਜਿਕ ਚੇਤਨਾ ਵਿਚ ਪ੍ਰਗਟ ਹੋਇਆ। ਇਸ ਚੇਤਨਾ ਲਈ ਕਵਿਤਾ ਬਹੁਤ ਵੱਡਾ ਹਥਿਆਰ ਸਾਬਤ ਹੋਈ ਕਿਉਂਕਿ ਇਸ ਦਾ ਲੋਕ-ਮੁਖੀ ਰੂਪ ਸਿੱਧਾ, ਸਪੱਸ਼ਟ, ਸਰਲ ਤੇ ਸਹਿਜ ਹੋਣ ਸਦਕਾ ਜਨਤਾ ਵਿਚ ਹਰਮਨਪਿਆਰੀ ਸੀ। ਦੂਜੀ ਵੱਡੀ ਹਕੀਕਤ ਇਹ ਸੀ ਕਿ ਇਨ੍ਹਾਂ ਸੰਤਾਂ-ਕਵੀਆਂ ਨੇ ਸੰਸਕ੍ਰਿਤ ਅਤੇ ਉਸ ਦੀ ਸੰਸਕ੍ਰਿਤੀ ਤਿਆਗ ਕੇ ਆਪੋ-ਆਪਣੇ ਖਿੱਤੇ ਦੇ ਲੋਕਾਂ ਦੀ ਬੋਲੀ ਵਿਚ ਲਿਖ ਕੇ ਬਹੁਜਨਾਂ ਨਾਲ ਸਿੱਧਾ ਸੰਪਰਕ ਸਥਾਪਤ ਕਰ ਲਿਆ ਸੀ। ਇਹ ਸੰਤ ਆਪਣੇ ਸੰਤ-ਮੱਤ ਜ਼ਰੀਏ ਸਮਾਜ ਲਈ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਸਨ। ਉਹ ਉਨ੍ਹਾਂ ਗੜ੍ਹਾਂ ਵਿਚ ਜਾ ਕੇ ਆਪਣੇ ਮਾਨਵੀ ਸਰੋਕਾਰਾਂ ਨਾਲ ਹਮਲੇ ਕਰਦੇ, ਜਿੱਥੋਂ ਨਫਰਤ ਦੀਆਂ ਲਾਟਾਂ ਉੱਠਦੀਆਂ ਸਨ। ਉਹ ਆਪਣੇ ਤਰਕ-ਬਾਣਾਂ ਨਾਲ ਪਾਣੀ ਦੀਆਂ ਫੁਹਾਰਾਂ ਉਨ੍ਹਾਂ 'ਤੇ ਸੁੱਟਦੇ। ਉਨ੍ਹਾਂ ਕੁਦਰਤ ਦੇ ਅਸੂਲਾਂ ਉਤੇ ਭਾਰੂ ਵਿਵਸਥਾ ਦੇ ਵਿਰੁੱਧ ਮਾਨਵਵਾਦੀ ਦ੍ਰਿਸ਼ਟੀ ਪੇਸ਼ ਕੀਤੀ। ਛੇ ਸਦੀਆਂ ਪਹਿਲਾਂ ਗੁਰੂ ਰਵਿਦਾਸ ਅਜਿਹੇ ਸਮਾਜ ਦੀ ਸਿਰਜਣਾ ਦੇ ਸੁਹਿਰਦ ਚਾਹਵਾਨ ਸਨ ਜਿਸ ਵਿਚ ਮਨੁੱਖ ਵਰਣ-ਧਰਮ ਤੋਂ ਮੁਕਤ ਤੇ ਜਾਤ ਰਹਿਤ ਹੋਵੇ, ਕੋਈ ਉੱਚਾ-ਨੀਵਾਂ, ਅਮੀਰ-ਗਰੀਬ ਨਾ ਹੋਵੇ, ਲਿੰਗ ਦੇ ਆਧਾਰ 'ਤੇ ਕੋਈ ਭਿੰਨ-ਭੇਦ ਨਾ ਹੋਵੇ। ਜੀਵਨ ਦੇ ਹਰ ਖੇਤਰ ਵਿਚ ਲੋਕਾਂ ਨੂੰ ਬਰਾਬਰ ਅਧਿਕਾਰ ਪ੍ਰਾਪਤ ਹੋਣ। ਮੁਢਲੀਆਂ ਲੋੜਾਂ ਦੀ ਪੂਰਤੀ ਰਾਜ ਵੱਲੋਂ ਪ੍ਰਦਾਨ ਕੀਤੀ ਜਾਵੇ। ਗੱਲ ਕੀ ਰਾਜ ਵਿਚ ਲੋਕਤੰਤਰ ਹੋਵੇ। ਉਸ ਆਦਰਸ਼-ਸਮਾਜ ਦਾ ਨਾਂ ਉਨ੍ਹਾਂ 'ਬੇਗਮਪੁਰਾ' ਲਿਖਿਆ ਹੈ:

**ਬੇਗਮ ਪੁਰਾ ਸਹਰ ਕੋ ਨਾਉ ॥**
**ਦੂਖੁ ਅੰਦੋਹੁ ਨਹੀ ਤਿਹਿ ਠਾਉ ॥**
**ਨਾਂ ਤਸਵੀਸ ਖਿਰਾਜੁ ਨ ਮਾਲੁ ॥**
**ਖਉਫੁ ਨ ਖਤਾ ਨ ਤਰਸੁ ਜਵਾਲੁ ॥**



**ਅਬ ਮੋਹਿ ਖੂਬ ਵਤਨ ਗਹ ਪਾਈ ॥**
**ਊਹਾਂ ਖੈਰਿ ਸਦਾ ਮੇਰੇ ਭਾਈ ॥**
**ਕਾਇਮੁ ਦਾਇਮੁ ਸਦਾ ਪਾਤਿਸਾਹੀ ॥**
**ਦੋਮ ਨ ਸੇਮ ਏਕ ਸੋ ਆਹੀ ॥**
**ਆਬਾਦਾਨੁ ਸਦਾ ਮਸਹੂਰ ॥**
**ਊਹਾਂ ਗਨੀ ਬਸਹਿ ਮਾਮੂਰ ॥**
**ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥**
**ਮਹਰਮ ਮਹਲ ਨ ਕੋ ਅਟਕਾਵੈ ॥**
**ਕਹਿ ਰਵਿਦਾਸ ਖਲਾਸ ਚਮਾਰਾ ॥**
**ਜੋ ਹਮ ਸਹਰੀ ਸੁ ਮੀਤੁ ਹਮਾਰਾ ॥**
**ਜਾਂ**
**ਐਸਾ ਚਾਹੂੰ ਰਾਜ ਮੈਂ,**
**ਜਹਾਂ ਮਿਲੈ ਸਭਨ ਕੋ ਅੰਨ।**
**ਛੋਟੋ ਬੜੋ ਸਵਾ ਸਮ ਬਸੈ,**
**ਰਵਿਦਾਸ ਰਹੇ ਪ੍ਰਸੰਨ।**

ਇਸ ਨਜ਼ਰੀਏ ਤੋਂ ਬਹੁਤ ਸਾਰੇ ਵਿਦਵਾਨਾਂ ਨੇ ਗੁਰੂ ਗ੍ਰੰਥ ਸਾਹਿਬ ਵਿਚਲੀ ਭਗਤ ਬਾਣੀ ਨੂੰ 'ਦਲਿਤ ਟੈਕਸਟ' ਆਖਿਆ ਹੈ। ਉਨ੍ਹਾਂ ਦਾ ਮੱਤ ਹੈ ਕਿ ਭਗਤੀ ਪਰੰਪਰਾ ਨੂੰ ਗੁਰੂ ਨਾਨਕ ਦੇਵ ਜੀ ਨੇ ਇਕ ਸ਼ਕਤੀਸ਼ਾਲੀ ਸਮਾਜਿਕ ਬਰਾਬਰੀ ਵਾਲੀ ਲਹਿਰ ਵਿਚ ਤਬਦੀਲ ਕੀਤਾ। ਗੁਰੂ ਰਵਿਦਾਸ ਰਚਿਤ 'ਆਰਤੀ' ਰੋਜ਼ਾਨਾ ਸ੍ਰੀ ਹਰਿਮੰਦਰ ਸਾਹਿਬ ਤੋਂ ਉਚਾਰੀ ਜਾਂਦੀ ਹੈ।

ਗੁਰੂ ਰਵਿਦਾਸ ਬਾਣੀ ਤੇ ਉਸ ਵਿਚਲੇ 'ਬੇਗਮਪੁਰਾ' ਦੇ ਰਾਜ-ਸੰਕਲਪ ਦੇ ਵਿਚਾਰਾਂ ਤੋਂ ਪ੍ਰਭਾਵਤ ਹੋ ਕੇ ਕਈ ਰਾਜੇ-ਮਹਾਰਾਜੇ, ਮਹਾਰਾਣੀਆਂ ਤੇ ਪਟਰਾਣੀਆਂ ਸਮੇਤ ਆਮ ਲੋਕ ਉਨ੍ਹਾਂ ਦੇ ਸ਼ਿਸ਼ ਬਣੇ, ਜਿਨ੍ਹਾਂ ਵਿਚ ਪਟਰਾਣੀ ਝਾਲੀ ਬਾਈ, ਮਹਾਰਾਣੀ ਮੀਰਾ ਬਾਈ, ਮਹਾਰਾਣਾ ਕੁੰਭਾ, ਰੀਵਾ-ਨਰੇਸ਼ ਵੀਰ ਸਿੰਘ ਪ੍ਰਮੁੱਖ ਸਨ। ਗੁਰੂ ਰਵਿਦਾਸ ਰਚਿਤ 40 ਸ਼ਬਦ 16 ਰਾਗਾਂ ਵਿਚ ਗੁਰੂ ਗ੍ਰੰਥ ਵਿਚ ਦਰਜ ਹਨ। ਉਨ੍ਹਾਂ ਦੀ ਹੋਰ ਚੋਖੀ ਬਾਣੀ ਉਪਲੱਬਧ ਹੈ। ਉਹ ਸੰਸਕ੍ਰਿਤੀ ਵਿਰੁੱਧ ਰੋਹ-ਵਿਦਰੋਹ ਹੈ, ਜੋ ਮਨੁੱਖਾਂ 'ਤੇ ਵੱਖੋ-ਵੱਖ ਲੇਬਲ ਲਾਉਂਦੀ ਹੈ। ਵਰਤਮਾਨ ਸਮਿਆਂ 'ਚ ਜਵਾਹਰ ਲਾਲ ਨਹਿਰੂ ਦਾ 17 ਨਵੰਬਰ 1953 ਨੂੰ ਡਾ. ਰਾਜਿੰਦਰ ਪ੍ਰਸਾਦ ਨੂੰ ਲਿਖਿਆ ਪੱਤਰ ਇਸ ਦ੍ਰਿਸ਼ਟੀ ਤੋਂ ਅਹਿਮ ਹੈ, ਜੋ 4 ਮਈ 1997 ਨੂੰ ਆਰਗੇਨਾਈਜ਼ਰ ਵੀਕਲੀ, ਨਵੀਂ ਦਿੱਲੀ 'ਚ ਛਪਿਆ ਸੀ। ਇਸੇ ਤਰ੍ਹਾਂ ਮਹਾਨ ਚਿੰਤਕ ਡਾ. ਬੀ.ਆਰ. ਅੰਬੇਡਕਰ ਦੀਆਂ ਲਿਖਤਾਂ ਪੜ੍ਹੀਆਂ ਜਾ ਸਕਦੀਆਂ ਹਨ।

ਜ਼ਮੀਨੀ ਪੱਧਰ ਉਤੇ ਸਮਾਜਿਕ ਚੇਤਨਾ ਦਾ ਪਸਾਰਾ ਕਰਦੇ ਮਾਨਵਵਾਦੀ ਅੰਦੋਲਨਕਾਰੀ ਗਦਰੀ ਬਾਬਾ ਮੰਗੂ ਰਾਮ ਦੀ ਚਰਚਾ ਕਰਨੀ ਬਣਦੀ ਹੈ, ਜਿਨ੍ਹਾਂ 11-12 ਜੂਨ 1926 ਨੂੰ ਆਪਣੇ ਪਿੰਡ ਮੁੱਗੋਵਾਲ, ਜ਼ਿਲ੍ਹਾ ਹੁਸ਼ਿਆਰਪੁਰ ਵਿਚ 'ਆਦਿ ਧਰਮ ਮੰਡਲ' ਦੀ ਸਥਾਪਨਾ ਕੀਤੀ। ਉਸ ਭਰਵੇਂ ਇਕੱਠ ਵਿਚ ਗੁਰੂ ਰਵਿਦਾਸ, ਗੁਰੂ ਕਬੀਰ, ਸਤਿਗੁਰੂ ਨਾਮਦੇਵ ਤੇ ਰਿਸ਼ੀ ਵਾਲਮਿਕ ਨੂੰ ਆਪਣੇ ਗੁਰੂ ਐਲਾਨਿਆ। ਆਦਿ ਧਰਮ ਮੰਡਲ ਦੇ ਪ੍ਰਧਾਨ ਮੰਗੂ ਰਾਮ ਦੀ ਅਗਵਾਈ ਹੇਠ 1934 ਵਿਚ ਗੁਰੂ ਰਵਿਦਾਸ ਦੀ ਇਕ ਤਸਵੀਰ ਬਨਾਰਸ ਤੋਂ ਲਿਆਂਦੀ ਗਈ। ਉਸ ਨੂੰ ਸੁਧਾਰ ਤੇ ਨਿਖਾਰ ਕੇ 36 ਨਿਮਨ ਜਾਤੀਆਂ (ਆਦਿ ਧਰਮੀ ਕੌਮ) ਵਿਚਾਲੇ ਵੰਡਿਆ ਗਿਆ। ਅਛੂਤ ਆਖੀਆਂ ਜਾਂਦੀਆਂ ਇਨ੍ਹਾਂ ਬਿਰਾਦਰੀਆਂ (ਹੁਣ ਅਨੁਸੂਚਿਤ ਜਾਤੀਆਂ) ਅੰਦਰ ਨਵੀਂ ਚੇਤਨਾ ਦੇ ਪ੍ਰਵਾਹ ਦਾ ਅਹਿਸਾਸ ਹੋਇਆ। ਅਣਵੰਡੇ ਪੰਜਾਬ ਵਿਚ ਤੇ ਵੰਡ ਤੋਂ ਬਾਅਦ ਵੀ ਅਛੂਤ ਬਿਰਾਦਰੀਆਂ ਲਈ ਮੰਦਰਾਂ/ਗੁਰਦੁਆਰਿਆਂ ਵਿਚ ਦਾਖਲ ਹੋਣ ਦੀ ਮਨਾਹੀ ਸੀ। ਇਸ ਰਵੱਈਏ ਨੇ ਆਦਿ ਧਰਮੀਆਂ ਨੂੰ ਆਪਣੇ ਵੱਖਰੇ ਮੰਦਰ ਤੇ ਗੁਰਦੁਆਰੇ ਉਸਾਰਨ ਲਈ ਮਜਬੂਰ ਕੀਤਾ। ਹੁਣ ਪੰਜਾਬ ਦੇ 12500 ਪਿੰਡਾਂ ਵਿਚ ਦਲਿਤਾਂ ਦੇ 10 ਹਜ਼ਾਰ ਗੁਰਦੁਆਰੇ ਜਾਂ ਮੰਦਰ ਹਨ। ਪੰਜਾਬ ਵਿਚ ਹੁਸ਼ਿਆਰਪੁਰ ਤੇ ਨਾਲ ਲੱਗਦੇ ਹਿਮਾਚਲ ਪ੍ਰਦੇਸ਼ ਦੇ ਇਲਾਕਿਆਂ ਵਿਚ ਇਨ੍ਹਾਂ ਧਾਰਮਿਕ ਸਥਾਨਾਂ ਦਾ ਨਾਂ 'ਆਦੀ ਦੁਆਰਾ' ਹੈ ਜਿਨ੍ਹਾਂ ਅੰਦਰ 'ਆਦਿ ਪ੍ਰਕਾਸ਼' ਗ੍ਰੰਥ ਦਾ ਪ੍ਰਕਾਸ਼ ਹੁੰਦਾ ਹੈ। ਇਸ ਦੇ 1248 ਅੰਗ ਹਨ। ਆਦਿ ਧਰਮ ਦੇ ਸੰਚਾਲਕਾਂ ਨੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਗੁਰੂ ਰਵਿਦਾਸ ਸਥਾਨਾਂ ਦੀ ਨਿਸ਼ਾਨਦੇਹੀ ਕਰ ਕੇ ਉਥੇ ਇਤਿਹਾਸਕ ਸਥਾਨ ਅਤੇ ਭਵਨ ਉਸਾਰੇ ਹਨ। ਇਨ੍ਹਾਂ ਵਿਚੋਂ ਗੁਰੂ ਰਵਿਦਾਸ ਜਨਮ ਅਸਥਾਨ ਮੰਦਰ, ਕਾਂਸ਼ੀ (ਉੱਤਰ ਪ੍ਰਦੇਸ਼) ਪ੍ਰਮੁੱਖ ਹੈ। ਇਸ ਸ਼ਹਿਰ ਦੇ ਨਜ਼ਦੀਕ ਹੀ 14ਵੀਂ ਈਸਵੀ ਵਿਚ ਗੁਰੂ ਰਵਿਦਾਸ ਦਾ ਜਨਮ ਹੋਇਆ ਮੰਨਿਆ ਜਾਂਦਾ ਹੈ ਪਰ ਜਨਮ ਮਿਤੀ ਬਾਰੇ ਵਿਦਵਾਨਾਂ ਦੀ ਵੱਖਰੋ-ਵੱਖਰੀ ਰਾਇ ਹੈ।

ਸੰਖੇਪ ਵਿਚ ਗੁਰੂ ਰਵਿਦਾਸ ਦੀ ਸਮਾਜਿਕ ਚੇਤਨਾ ਦੀ ਇਕ ਮਿਸਾਲ ਉਨ੍ਹਾਂ ਦਾ ਸ਼ਬਦ ਹੈ: 'ਮਾਟੀ ਕੋ ਪੁਤਰਾ ਕੈਸੇ ਨਚਤੁ ਹੈ। ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ।' ਇਸ ਦੇ ਨਾਲ ਹੀ ਉਹ ਅਧਿਕਾਰਹੀਣ ਵਰਗਾਂ ਨੂੰ ਆਪਣੀ ਰਚਨਾ 'ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ' ਰਾਹੀਂ ਸੰਦੇਸ਼ ਦਿੰਦੇ ਹਨ ਕਿ ਤੁਸੀਂ ਇਉਂ ਮਿਲ ਕੇ ਰਹੋ ਜਿਵੇਂ ਸ਼ਹਿਦ ਦੀਆਂ ਮੱਖੀਆਂ।




ਲੜੀਵਾਰ...
ਲੇਖਕ : ਗਿਆਨੀ ਕੇਵਲ ਸਿੰਘ ਨਿਰਦੋਸ਼

## ਸਭੁ ਦੇਸੁ ਪਰਾਇਆ
(ਸਵੈ-ਜੀਵਨੀ)

# ਇਕ ਰਹੱਸ-ਮਈ ਘਟਨਾ

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ


ਉਸੇ ਵੇਲੇ ਸੂਬੇਦਾਰ ਮੇਜਰ ਸਾਹਿਬ ਨੇ ਮੈਨੂੰ ਬਾਹਰ ਸੱਦਿਆ। ਮੇਰਾ ਸੁਭਾਅ ਕੁਝ ਜ਼ਿਆਦਾ ਹੀ ਗਰਮ ਹੈ। ਇਸ ਲਈ ਮੈਨੂੰ ਬਾਹਰ ਸਦ ਕੇ ਕਹਿਣ ਲੱਗੇ ਤੁਸੀਂ ਕੁਝ ਵੀ ਜੁਆਬ ਨਹੀਂ ਦੇਣਾ। ਜਦੋਂ ਸਨਮਾਨ ਕਰਨਾ ਹੈ, ਪੰਜ ਸੌ ਰੁਪਏ ਲਿਫ਼ਾਫ਼ੇ ਵਿੱਚ ਪਾ ਕੇ ਦੇ ਦਿਓ। ਮੈਂ ਸੈਕਟਰੀ ਨੂੰ ਕਹਿ ਦਿੱਤਾ ਹੈ। ਸੂਬੇਦਾਰ ਮੇਜਰ ਸਾਹਿਬ ਭਾਵੇਂ ਅਨਪੜ੍ਹ ਮਲਵਈ ਸਨ (ਭਾਈ ਬਖਤੌਰੇ ਦੇ ਰਹਿਣ ਵਾਲੇ ਸਨ) ਪਰ ਉਨ੍ਹਾਂ ਵਰਗਾ ਠੰਢਾ ਇਨਸਾਨ ਮੈਂ ਆਰਮੀ ਵਿੱਚ ਨਹੀਂ ਤੱਕਿਆ ਇਸੇ ਲਈ ਉਹ ਕਰਨਲ ਵਾਸੂਦੇਵਨ ਵਰਗੇ ਅੱਤ ਸੁਭਾ ਦੇ ਗਰਮ ਅਫ਼ਸਰ ਨਾਲ ਵਧੀਆ ਸਰਵਿਸ ਕਰਕੇ ਆਨਰੇਰੀ ਕੈਪਟਨ ਪੈਨਸ਼ਨ ਗਏ ਸਨ। ਖੈਰ ਮੈਂ ਬੁਝੇ ਮਨ ਨਾਲ ਸੰਤਾਂ ਦਾ ਧੰਨਵਾਦ ਕੀਤਾ ਤੇ ਗੁਰੂ ਘਰ ਵੱਲੋਂ ਉਨ੍ਹਾਂ ਨੂੰ ਸਿਰੋਪਾਉ ਦੀ ਬਖਸ਼ਿਸ਼ ਨਾਲ 500 ਰੁਪਏ ਵੀ ਲਿਫ਼ਾਫ਼ੇ ਵਿੱਚ ਦਿੱਤੇ। ਇਹ ਜ਼ਿਕਰ 19 ਸਤੰਬਰ ਸੰਨ 1979 ਈ: ਦਾ ਹੈ। ਉਸ ਦਿਨ ਰਾਤ ਨੂੰ ਮੈਂ ਆਪਣੀ ਡਾਇਰੀ ਵਿੱਚ ਲਿਖਿਆ, ''ਅੱਜ ਇੱਕ ਸੰਤ ਦੇ ਪ੍ਰਵਚਨ ਤੇ ਆਪਣੇ ਚੇਲਿਆਂ ਨਾਲ ਵਰਤਾਰੇ ਨੂੰ ਦੇਖਕੇ ਇੱਕ ਤਸੱਲੀ ਜ਼ਰੂਰ ਹੋਈ ਕਿ ਮੈਂ ਇੰਨਾ ਵੀ ਮਾੜਾ ਨਹੀਂ। ਪਰ ਡਰ ਹੈ ਕਿ ਅਜੇਹੇ ਦੋ ਕੁ ਹੋਰ ਸੰਤ ਟੱਕਰ ਗਏ ਤਾਂ ਮੈਂ ਕਿਤੇ ਨਾਸਤਿਕ ਨਾ ਹੋ ਜਾਵਾਂ। ਇਸੇ ਸੰਤ ਨਾਲ ਇੱਕ ਵਾਰੀ ਮੇਰਾ ਵਾਹ 1987 ਵਿੱਚ ਪਿਆ। ਉਹ ਮੈਂ ਅੱਗੇ ਚੱਲਕੇ ਲਿਖਾਂਗਾ। ਦੂਸਰੀ ਘਟਨਾ ਵੀ ਇਸੇ ਕੁ ਸਾਲ ਦੀ ਹੈ। ਪੰਜਾਬ ਗਰੁੱਪ ਦੀ ਇੱਕ ਨਵੀਂ ਪਲਟਨ ਪੰਝੀ ਪੰਜਾਬ ਰਾਮਗੜ੍ਹ ਕੈਂਟ ਖੜ੍ਹੀ ਹੋਈ। ਉਸਦੇ ਕਰਨਲ ਹਰਜੀਤ ਸਿੰਘ ਸਨ ਜੋ ਪ੍ਰੋਫੈਸਰ ਦੀਵਾਨ ਸਿੰਘ ਖਾਲਸਾ ਕਾਲਜ ਅੰਮ੍ਰਿਤਸਰ ਦੇ ਸ਼ਗਿਰਦ ਸਨ। ਬਹੁਤ ਹੀ ਅੱਛੇ ਇਨਸਾਨ ਤੇ ਕਵੀ ਸਨ। ਉਨ੍ਹਾਂ ਦੀ ਇਕ ਕਿਤਾਬ ''ਰੰਗ ਨਾ ਰਹੇ ਬਹਾਰਾਂ ਉਤੇ'' ਛਪੀ ਸੀ। ਗਜ਼ਲ ਬੜੀ ਕਮਾਲ ਦੀ ਕਹਿੰਦੇ ਸਨ। ਮੇਰੇ ਪਰਮ ਮਿੱਤਰ ਸਨ। ਜਦੋਂ 14 ਪੰਜਾਬ ਮੇਰੀ ਪਲਟਨ ਗੋਬਿੰਦਗੜ੍ਹ (ਅਬੋਹਰ) ਸੀ ਤਾਂ ਉਦੋਂ ਮੇਰੀ ਪਹਿਲੀ ਕਿਤਾਬ ਛਪੀ 'ਫੁੱਲਾਂ ਵਰਗੇ ਸਾਹ' ਜੋ ਆਪ ਜੀ ਨੇ ਆਡਿਟ ਕੀਤੀ। ਉਸ ਕਿਤਾਬ ਦਾ ਮੁਖਬੰਦ ਮਹਾਨ ਸਿੱਖ ਸਕਾਲਰ ਸ੍ਰ: ਸ਼ਮਸ਼ੇਰ ਸਿੰਘ ਅਸ਼ੋਕ ਨੇ ਲਿਖਿਆ ਸੀ ਤੇ ਜਾਣ ਪਹਿਚਾਣ... ਉਜਾਗਰ ਸਿੰਘ ਜੀ ਉਲਫ਼ਤ (ਉਲਫ਼ਤ ਗਜ਼ਲਾਂ) ਨੇ ਲਿਖੀ ਸੀ।

ਕਰਨਲ ਹਰਜੀਤ ਸਿੰਘ ਦੀ ਇੱਛਾ ਸੀ ਕਿ ਮੈਂ ਉਹਨਾਂ ਦੀ ਪਲਟਨ ਵਿੱਚ ਆ ਜਾਵਾਂ। ਹਰ ਐਤਵਾਰ ਮੈਂ ਉਨ੍ਹਾਂ ਦੇ ਗੁਰਦੁਆਰੇ ਕੀਤਰਨ ਕਰਦਾ ਸਾਂ। ਮੈਂ ਫੋਕੀ ਵਾਹ ਵਾਹ ਦੇ ਮਗਰ ਪੈਕੇ ਹਸਾਉਣੇ ਜਿਹੇ ਲਤੀਫ਼ੇ ਜ਼ਿਆਦਾ ਸੁਣਾਉਣ ਲੱਗ ਪਿਆ ਸਾਂ। ਕਿਉਂਕਿ ਜਵਾਨ ਬਹੁਤ ਖੁਸ਼ ਹੁੰਦੇ ਸਨ।

ਸ਼ੁਹਰਤ ਵੀ ਇੱਕ ਭੁੱਖ ਹੈ, ਇੱਕ ਬਿਮਾਰੀ ਹੈ। ਇੱਕ ਦਿਨ ਮੈਨੂੰ ਉਨ੍ਹਾਂ ਘਰ ਚਾਹ ਤੇ ਸੱਦਿਆ। ਚਾਹ ਵੀ ਪਿਲਾਈ ਤੇ ਮੇਰੀ ਖੁੰਬ ਵੀ ਠੱਪੀ। ਦੋ ਗੱਲਾਂ ਉਨ੍ਹਾਂ ਮੈਨੂੰ ਕਹੀਆਂ। ਪਹਿਲੀ ਕਿ ਗਿਆਨੀ ਜੀ ਮੈਂ ਸੈਂਟਰ ਦੇ ਆਹਲਾ ਉਪਰਲੇ ਅਫ਼ਸਰਾਂ ਨੂੰ ਫੋਨ ਕਰਕੇ ਗੁਰੂ



ਘਰ ਬੁਲਾਉਂਦਾ ਹਾਂ ਕਿ ਸਾਡੇ ਗਿਆਨੀ ਜੀ ਦਾ ਕੀਰਤਨ ਤੇ ਲੈਕਚਰ ਸੁਣੋਂ। ਕੁਝ ਸਮੇਂ ਤੋਂ ਮੈਂ ਵੇਖ ਰਿਹਾ, ਤੁਸੀਂ ਬਹੁਤ ਹੀ ਲਤੀਫ਼ੇ ਸੁਣਾਉਣ ਲੱਗ ਪਏ ਹੋ। ਇਨ੍ਹਾਂ ਲਤੀਫ਼ਿਆਂ ਦੀ ਲੋੜ ਅਜੀਤ ਸਿੰਘ ਸੇਖੋਂ ਨੂੰ ਤੇ ਹੋ ਸਕਦੀ ਹੈ, ਤੁਹਾਨੂੰ ਕੀ ਜ਼ਰੂਰਤ ਹੈ? (ਨੋਟ ਅਜੀਤ ਸਿੰਘ ਸੇਖੋਂ ਸਾਡੀ ਪਲਟਨ ਵਿੱਚ ਇੱਕ ਸਿਪਾਹੀ ਸੀ ਲੈਕਚਰ ਕਰਦਾ ਹੁੰਦਾ ਸੀ ਮੇਰੇ ਤੋਂ ਪਹਿਲਾਂ। ਹਾਸੇ ਵਾਲੀਆਂ ਗੱਲਾਂ ਨਾਲੇ ਕਹਿ ਦੇਣਾ ਕਿ ਸੰਗਤ ਜੀ ਮੇਰਾ ਤਾਂ ਉੱਠ (ਊਠ) ਦਾ ਹੱਲ ਹੈ ਵਾਹੁਣਾ ਆਪਣਾ ਤੇ ਮਿਧਣਾ ਸ਼ਰੀਕ ਦਾ। ਮੇਰਾ ਸਾਰਾ ਲੈਕਚਰ ਖਰਾਬ ਕਰ ਦੇਣਾ। ਉਹ ਬਾਅਦ ਵਿੱਚ ਪੈਨਸ਼ਨ ਚਲਾ ਗਿਆ ਸੀ ਤੇ ਮੇਰੇ ਮਿੱਤਰ ਚਮਕੌਰ ਸਿੰਘ ਸੇਖੋਂ ਦੇ ਨਾਲ ਵੀ ਪ੍ਰਚਾਰਕ ਰਿਹਾ ਹੈ।) ਤੁਸੀਂ ਪ੍ਰੋਫੈਸਰ ਸਾਹਿਬ ਸਿੰਘ ਦੇ ਸ਼ਗਿਰਦ ਏਨਾਂ ਕੁਝ ਤੁਹਾਡੇ ਕੋਲ ਕਹਿਣ ਲਈ। ਤੁਸੀਂ ਕਿੱਧਰ ਨੂੰ ਤੁਰ ਪਏ। ਦੂਸਰੇ ਤੁਹਾਨੂੰ ਹੰਕਾਰ ਵੀ ਹੋਣਾ ਸ਼ੁਰੂ ਹੋ ਗਿਆ ਹੈ। ਮੈਂ ਉਨ੍ਹਾਂ ਨੂੰ ਬੜੇ ਧਿਆਨ ਨਾਲ ਸੁਣਿਆ ਤੇ ਵਾਅਦਾ ਕੀਤਾ ਕਿ ਅੱਗੇ ਤੋਂ ਮੈਂ ਪੂਰਾ ਧਿਆਨ ਰਖਾਂਗਾ। ਉਸ ਦਿਨ ਤੋਂ ਬਾਅਦ ਮੈਂ ਕਦੇ ਵੀ ਅੱਜ ਤੱਕ ਲੈਕਚਰ ਕਥਾ ਵਿੱਚ ਹਸਾਉਣੀ ਗੱਲ ਨਹੀਂ ਕੀਤੀ। ਦੂਸਰੀ ਹੰਕਾਰ ਵਾਲੀ ਗੱਲ ਤੇ ਮੈਂ ਘਰੇ ਆਕੇ ਬੜਾ ਸੋਚਿਆ ਪਰ ਮੈਨੂੰ ਹੰਕਾਰ ਵਾਲੀ ਗੱਲ ਆਪਣੀ ਜ਼ਿੰਦਗੀ ਵਿੱਚ ਨਾ ਲੱਭੀ। ਸ਼ਾਇਦ ਭਵਿੱਖ ਲਈ ਸੁਚੇਤ ਕੀਤਾ ਹੋਵੇ ਤੇ ਮੈਂ ਅੱਜ ਤੱਕ ਸੁਚੇਤ ਹਾਂ। ਕਰਨਲ ਹਰਜੀਤ ਸਿੰਘ ਜੀ ਹਾਰਟ ਅਟੈਕ ਕਾਰਨ ਗੁਰਪੁਰੀ ਸਿਧਾਰ ਗਏ। ਪਰ ਉਨ੍ਹਾਂ ਦੀ ਕੀਤੀ ਤਾੜਨਾ ਅੱਜ ਤੱਕ ਮੇਰਾ ਮਾਰਗ ਦਰਸ਼ਨ ਕਰਦੀ ਹੈ। ਸੰਨ 1978 ਵਿੱਚ 14 ਪੰਜਾਬ ਦੇ ਕਮਾਂਡੈਂਟ ਲੈਫਟੀਨੈਂਟ ਕਰਨਲ ਗੁਰਪਰੀਤ ਸਿੰਘ ਬਰਾੜ ਜੋ ਬਾਦ ਵਿੱਚ ਲੈਫਟੀਨੈਂਟ ਜਨਰਲ ਬਣੇ ਤੇ ਪੰਜਾਬ ਗਰੁੱਪ ਦੇ ਕਰਨਲ ਆਫ਼ ਦੀ ਰਜਮੈਂਟ ਵੀ ਰਹੇ, ਸੈਂਟਰ ਵਿਚੱ ਆਏ ਤੇ ਮੈਨੂੰ ਕਹਿਣ ਲੱਗੇ, ''ਗਿਆਨੀ ਜੀ ਹੁਣ ਪਲਟਨ ਵਿੱਚ ਆ ਜਾਓ ਸਾਰੀ ਪਲਟਨ ਤੁਹਾਨੂੰ ਬਹੁਤ ਯਾਦ ਕਰਦੀ ਹੈ। 14 ਪੰਜਾਬ ਉਸ ਵੇਲੇ ਹਿਮਾਚਲ ਵਿੱਚ ਧਰਮਸ਼ਾਲਾ ਵਿਖੇ ਸੀ। ਉਨ੍ਹਾਂ ਦੇ ਪਿਆਰ ਅੱਗੇ ਮੈਂ ਇਨਕਾਰ ਨਾ ਕਰ ਸਕਿਆ। ਸੈਂਟਰ ਵਾਸਤੇ 11 ਕੋਰ ਹੈਡਕੁਆਰਟਰ ਜਲੰਧਰ ਤੋਂ ਗਿਆਨੀ ਕੁਲਦੀਪ ਸਿੰਘ ਜੀ ਮੀਲੂ ਸੈਂਟਰ ਵਿੱਚ ਆਉਣ ਦੇ ਇੱਛਕ ਸਨ। ਉਨ੍ਹਾਂ ਦੀ ਵਿਦਿਆ ਐਮ.ਏ. ਪੰਜਾਬੀ ਅਤੇ ਆਦਿ ਗਰੰਥ ਆਚਾਰੀਆ ਸੀ, ਮੇਰੇ ਪਰਮ ਮਿੱਤਰ ਵੀ ਸਨ ਮੈਂ ਵੀ ਚਾਹੁੰਦਾ ਸਾਂ ਕਿ ਕੋਈ ਵਿਦਵਾਨ ਸੱਜਣ ਹੀ ਸੈਂਟਰ ਵਿੱਚ ਆਵੇ। ਸੋ ਮੈਂ 14 ਪੰਜਾਬ ਆਪਣੀ ਪਹਿਲੀ ਯੂਨਿਟ ਵਿੱਚ ਚਲਾ ਗਿਆ ਤੇ ਉਹ ਸੈਂਟਰ ਵਿੱਚ ਆ ਗਏ। ਬਾਅਦ ਵਿੱਚ ਰਿਟਾਇਰ ਹੋਕੇ ਉਹ ਵੀ ਕੈਨੇਡਾ ਆ ਗਏ। ਪਹਿਲਾਂ ਕੁਝ ਚਿਰ ਡੰਕਨ ਰਹੇ ਤੇ ਫਿਰ ਐਬਟਸਫੋਰਡ ਸੈਟ ਹੋ ਗਏ। ਇਥੇ ਹੀ ਕੁਝ ਸਮਾਂ ਪਹਿਲਾਂ ਉਹਨਾਂ ਦਾ ਦਿਹਾਂਤ ਹੋ ਗਿਆ। ਮੈਂ ਸਿਰਫ਼ ਪੈਨਸ਼ਨ ਜੋਗੀ ਸਰਵਿਸ ਹੀ ਕਰਨੀ ਸੀ। ਇਰਾਦਾ ਮੇਰਾ ਬਾਹਰ ਜਾਣ ਦਾ ਸੀ। ਇਸ ਲਈ ਮੇਰਾ ਇੱਕ ਸ਼ਗਿਰਦ ਗੁਰਬਖਸ਼ ਸਿੰਘ ਜੰਮੂ ਦਾ ਜੋ ਮੇਰੇ ਨਾਲ ਰਹਿਕੇ ਕੀਰਤਨ ਵੀ ਸਿੱਖ ਗਿਆ ਸੀ ਉਹ ਗੁਰਦੁਆਰੇ ਸੇਵਾਦਾਰ ਸੀ। ਮੈਂ ਉਸਨੂੰ ਵਿਦਵਾਨੀ ਦੀ ਤਿਆਰੀ ਕਰਵਾਉਣੀ ਸ਼ੁਰੂ ਕਰਵਾ ਦਿੱਤੀ ਤਾਂ ਜੋ ਉਹ ਨਾਇਬ ਸੂਬੇਦਾਰ ਬਣਕੇ ਗਰੰਥੀ ਲੱਗ ਜਾਵੇ। ਧਰਮਸ਼ਾਲਾ ਪਹਾੜੀ ਏਰੀਆ ਹੈ। ਮੇਰਾ ਸਮਾਂ ਬੜਾ ਸੋਹਣਾ ਲੰਘ ਰਿਹਾ ਸੀ। ਇੱਕ ਦਿਨ ਮੈਂ ਘੁੰਮਕੇ ਆਇਆ, ਦਮ ਉਖੜ ਜਿਹਾ ਗਿਆ ਲੱਗਦਾ ਸੀ। ਮੈਂ ੀ.ੀ. ਰੂਮ ਆਕੇ ਜਵਾਨ ਨੂੰ ਕਿਹਾ ਕਿ ਮੈਨੂੰ ਸਾਹ ਬਹੁਤ ਚੜਿਆ ਹੈ ਕੋਈ ਗੋਲੀ ਦੇ ਦੇ। ਉਸਨੇ ਕੰਪੋਜ਼ ਦੀ ਗੋਲੀ ਦਿੱਤੀ ਮੈਂ ਕਮਰੇ ਵਿੱਚ ਘੰਟਾ ਕੁ ਸੌਂ ਕੇ ਉਸ ਕੋਲ ਗਿਆ ਕਿ ਧੰਨਵਾਦ ਕਰ ਆਵਾਂ। ਉਹ ਕਹਿਣ ਲੱਗਾ ਸਾਹਿਬ ! ਮੈਂ ਇੱਕ ਮਮੂਲੀ ਸਿਪਾਹੀ ਹੂੰ ਅੰਛ ਕਾ। ਕੁਝ ਆਪ ਕੋ ਹੋ ਗਿਆ ਤੋ ਮੈਂ ਮਾਰਾ ਜਾਊਂਗਾ। ਆਪ ਮੇਰੇ ਸਾਥ ੍ਰ. (ਮਿਲਟਰੀ ਹਸਪਤਾਲ) ਚਲੀਏ। ਮੈਂ ਉਸਦੇ ਨਾਲ ਵਨ ਟਨ ਟਰੱਕ ਵਿੱਚ ਚਲਾ ਗਿਆ। ਮੇਰਾ ਬਲੱਡ ਪ੍ਰੈਸ਼ਰ ਵੀ ਚੈਕ ਕੀਤਾ ਤੇ ਈ.ਸੀ.ਜੀ. ਵੀ ਕੀਤੀ। ਉਨ੍ਹਾਂ ਮੈਨੂੰ ਦਾਖਲ ਕਰ ਲਿਆ। ਇੱਕ ਰਾਤ ਰੱਖ ਕੇ ਦੂਸਰੇ ਦਿਨ ਯੋਲ ਕੈਂਪ ਮਿਲਟਰੀ ਹਸਪਤਾਲ ਰੈਫ਼ਰ ਕਰ ਦਿੱਤਾ। ਮੈਨੂੰ ਚੰਗੇ ਭਲੇ ਨੂੰ ਹਾਰਟ ਦਾ ਮਰੀਜ਼ ਬਣਾ ਦਿੱਤਾ। ਮੇਰਾ ਬੈੱਡ ਤੋਂ ਉਠਣਾ ਬੰਦ ਕਰ ਦਿੱਤਾ। ਇੱਥੋਂ ਤੱਕ ਕਿ ਮੈਂ ਵਾਸ਼ ਰੂਮ ਵੀ ਨਹੀਂ ਜਾ ਸਕਦਾ ਸੀ। ਉਹ ਵੀ ਬਿਸਤਰੇ ਤੇ ਹੀ ਬਰਤਨ ਦੇ ਕੇ ਕਰਵਾਉਂਦੇ। ਤਿੰਨ ਮਹੀਨੇ ਮੈਂ ਹਸਪਤਾਲ ਰਿਹਾ ਤੇ ਫਿਰ ਮੈਨੂੰ ਤਿੰਨ ਮਹੀਨੇ ਦੀ ਮੈਡੀਕਲ ਛੁੱਟੀ ਦੇ ਦਿੱਤੀ। ਮੈਨੂੰ ਦਿਲ ਦਾ ਰੋਗੀ ਕਹਿਕੇ ਬਿਮਾਰੀ ਦਾ ਨਾਮ ੍ਰ.ਧ. (ਇਨੇਫੀਰੀਅਰ ਵਾਲ ਅਸਚੀਮੀਆਂ) ਉਨ੍ਹਾਂ ਦੱਸਿਆ। ਤੇਜ਼ ਤੁਰਨ ਤੋਂ ਅਤੇ ਪਹਾੜਾਂ ਤੇ ਚੜ੍ਹਨ ਤੋਂ ਅਨਫਿੱਟ ਕਰ ਦਿੱਤਾ। ਇਹ ਜ਼ਿਕਰ 1979 ਦੇ ਅਖੀਰਲੇ ਮਹੀਨਿਆਂ ਦਾ ਹੈ। ਇਨ੍ਹਾਂ ਛੁੱਟੀਆਂ ਵਿੱਚ ਨਵਾਂ ਮਕਾਨ ਬਣਾਇਆ। ਪਹਿਲੇ ਵਾਲਾ ਸਾਂਝਾ ਆਪਣੇ ਵੱਡੇ ਭਰਾ ਬਖਸ਼ੀਸ਼ ਸਿੰਘ ਨੂੰ ਦੇ ਦਿੱਤਾ।



**ਸ਼ੁਹਰਤ ਵੀ ਇੱਕ ਭੁੱਖ ਹੈ, ਇੱਕ ਬਿਮਾਰੀ ਹੈ। ਇੱਕ ਦਿਨ ਮੈਨੂੰ ਉਨ੍ਹਾਂ ਘਰ ਚਾਹ ਤੇ ਸੱਦਿਆ। ਚਾਹ ਵੀ ਪਿਲਾਈ ਤੇ ਮੇਰੀ ਖੁੰਬ ਵੀ ਠੱਪੀ। ਦੋ ਗੱਲਾਂ ਉਨ੍ਹਾਂ ਮੈਨੂੰ ਕਹੀਆਂ। ਪਹਿਲੀ ਕਿ ਗਿਆਨੀ ਜੀ ਮੈਂ ਸੈਂਟਰ ਦੇ ਆਹਲਾ ਉਪਰਲੇ ਅਫ਼ਸਰਾਂ ਨੂੰ ਫੋਨ ਕਰਕੇ ਗੁਰੂ ਘਰ ਬੁਲਾਉਂਦਾ ਹਾਂ ਕਿ ਸਾਡੇ ਗਿਆਨੀ ਜੀ ਦਾ ਕੀਰਤਨ ਤੇ ਲੈਕਚਰ ਸੁਣੋਂ। ਕੁਝ ਸਮੇਂ ਤੋਂ ਮੈਂ ਵੇਖ ਰਿਹਾ, ਤੁਸੀਂ ਬਹੁਤ ਹੀ ਲਤੀਫ਼ੇ ਸੁਣਾਉਣ ਲੱਗ ਪਏ ਹੋ। ਇਨ੍ਹਾਂ ਲਤੀਫ਼ਿਆਂ ਦੀ ਲੋੜ ਅਜੀਤ ਸਿੰਘ ਸੇਖੋਂ ਨੂੰ ਤੇ ਹੋ ਸਕਦੀ ਹੈ, ਤੁਹਾਨੂੰ ਕੀ ਜ਼ਰੂਰਤ ਹੈ?**

ਚਲਦਾ....

52 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਸਪੈਸ਼ਲ ਸੇਲ !
www.dream-carpets.com
dream
carpets
Shaw FLOORS
Ansonylon
STAINMASTER CARPET
ClearTouch
from $1.98 SF
Berber
Installed
Textured Saxony
Installed
from $2.28 SF
ਘੱਟ ਕੀਮਤਾਂ ਦੀ
ਗਰੰਟੀ ਕਰਦੇ ਹਾਂ
Where The
Builders Buy!
NEW HOME
SPECIALISTS
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From
.78 cent
Berber
Starts From
.78 cent
Area Rug (5x8)
Starts From
$68
NOBODY KNOWS FLOORING
LIKE DREAM CARPETS
SERVING WESTERN CANADA
FOR OVER 30 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Perry



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5'9", ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ।
ਸੰਪਰਕ-604-710-7593

***************

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ।ਹੋਰ ਜਾਣਕਾਰੀ ਲਈ ਸੰਪਰਕ ਨੰਬਰ
**604-832-2564**

***************

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਟਲਾ ਬ੍ਰਿਟਿਸ਼ ਕੋਲੰਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ। ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ।
ਹੋਰ ਜਾਣਕਾਰੀ ਲਈ ਸੰਪਰਕ ਨੰਬਰ **604-347-5271**

***************

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ- 604-842-4990, +91-98550-00731
(ਸਿਰਫ ਵਟਸਐਪ)

***************

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੁਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆਂ ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਂਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ. ਹੈ।
ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

***************

ਜੱਟ ਸਿੱਖ ਬਰਾੜ ਲੜਕਾ ਕਨੇਡੀਅਨ ਸਿਟੀਜ਼ਨ, ਉਮਰ 28, ਕੱਦ 6' ਲਈ ਕੈਨੇਡੀਅਨ ਸਿਟੀਜ਼ਨ / ਵਿਜ਼ੀਟਰ / ਸਟੱਡੀ ਵੀਜ਼ਾ ਲੜਕੀ ਦੀ ਲੋੜ ਹੈ। ਵੈਨਕੋਵਰ ਅਤੇ ਕੈਲਗਰੀ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-818-5780

***************

ਸੈਣੀ ਸਿੱਖ ਪਰਿਵਾਰ ਦਾ ਲੜਕਾ ਉਮਰ 31 ਸਾਲਾ, ਕੱਦ 5'11", ਕਨੇਡੀਅਨ ਪੀ. ਆਰ., ਨਸ਼ਿਆਂ ਤੋਂ ਰਹਿਤ ਵਾਸਤੇ ਯੋਗ ਲੜਕੀ ਦੀ ਲੋੜ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ।
ਫੋਨ: 604-440-2691
ਈਮੇਲ - hardeepkaur917@yahoo.com 27 April

***************

ਸ਼ਰਮਾ, ਕੈਨੇਡੀਅਨ ਸੀਟੀਜ਼ਨ 48 ਸਾਲਾਂ, 6 ਫੁੱਟ ਲੰਬੇ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ। ਤਲਾਕਸ਼ੁਦਾ, ਵਿਧਵਾ, ਬੱਚਿਆ ਦੇ ਨਾਲ, ਵਰਕ ਪਰਮਿਟ, ਵਿਜ਼ਟਰ ਵੀਜ਼ਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਧਰਮ-ਜਾਤ ਦਾ ਕੋਈ ਬੰਧਨ ਨਹੀ।
ਫੋਨ ਨੰਬਰ-778-957-1670

## ਸੂਚਨਾ

ਮੇਰਾ ਨਾਮ ਕੁਲਦੀਪ ਮੰਡੇਰ ਹੈ ਸਾਡੇ ਇੱਕ ਕਿਰਾਏਦਾਰ ਨੇ ਆਪਣੀ ਕਾਰ ਮੇਰੀ ਜਾਇਦਾਦ 12666-114th ave Surrey B.C. V3V-3N9 ਨਵੰਬਰ 2020 ਨੂੰ ਖੜੀ ਕਰਕੇ ਅਤੇ ਅਪ੍ਰੈਲ 2021 ਵਿੱਚ ਛੱਡ ਕੇ ਚਲਾ ਗਿਆ। ਇਹ ਵਾਈਟ ਕਲਰ 2015 ਹੌਂਡਾ ਸਿਵਿਕ ਹੈ। VIN ਨੰਬਰ VIN-2HGFB2F56FH001467 ਹੈ। ਜੇਕਰ ਕਿਸੇ ਨੂੰ ਇਸ ਕਾਰ ਦੀ ਕੋਈ ਜਾਣਕਾਰੀ ਹੈ। ਕਿਰਪਾ ਕਰਕੇ ਮੇਰੇ ਨਾਲ ਸੰਪਰਕ ਕਰੋ
**778-861-3643** 24 JAN

## MATRIMONIALS

### ਲੜਕੇ ਦੀ ਲੋੜ

34 ਸਾਲਾਂ 5'-3" **M.A. B.Ed.** ਨੈਨੀ ਵਰਕ ਪਰਮਿਟ 'ਤੇ ਕੈਨੇਡਾ ਰਹਿ ਰਹੀ ਸਿੱਖ ਲੜਕੀ ਲਈ ਪੀ.ਆਰ. ਲੜਕੇ ਦੀ ਲੋੜ ਹੈ। ਸੰਪਰਕ- 604-763-3541.

***************

### ਲੜਕੇ ਦੀ ਲੋੜ

ਵੈਨਕੂਵਰ ਵਾਸੀ, ਜੱਟ ਸਿੱਖ ਸਿੱਧੂ ਕੈਨੇਡੀਅਨ ਜੰਮਪਲ ਲੜਕੀ, 1981, ਕੱਦ 5'2", ਯੂਨੀਵਰਸਿਟੀ ਗਰੈਜੂਏਟ, ਸੀਨੀਅਰ ਮਾਰਕੀਟਿੰਗ ਮੈਨੇਜਰ ਲਈ ਕੈਨੇਡਾ ਦੇ ਜੰਮਪਲ, ਪ੍ਰੋਫੈਸ਼ਨਲ ਜੌਬ ਕਰਦੇ ਲੜਕੇ ਦੀ ਲੋੜ ਹੈ। ਗਰੇਟਰ ਵੈਨਕੂਵਰ ਏਰੀਆ ਨੂੰ ਤਰਜੀਹ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਸੰਪਰਕ ਕਰੋ- 604-319-0662,
Email: dharam.sidhu@yahoo.com

***************

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਸਿਟੀਜ਼ਨ ਲੜਕਾ, 29 ਸਾਲਾਂ, ਕੱਦ 5 ਫੁੱਟ 7", ਕੈਨੇਡਾ ਪੋਸਟ 'ਚ ਫੁੱਲ ਟਾਇਮ ਜੌਬ ਕਰਦੇ, ਮੌਰਗੇਜ ਅਡਵਾਈਜ਼ਰ ਲਾਇਸੰਸ ਹੋਲਡਰ ਅਤੇ ਰਿਅਲ ਅਸਟੇਟ ਕੰਪਨੀ 'ਚ ਪਾਰਟ ਟਾਇਮ ਜੌਬ ਕਰਦੇ, ਨਸ਼ਿਆਂ ਤੋਂ ਰਹਿਤ, ਲੈਂਡਲੋਰਡ,ਅਰਬਨ ਪ੍ਰਾਪਰਟੀ ਅਤੇ ਐਗਰੀਕਲਚਰ ਲੈਂਡ ਦੇ ਮਾਲਕ, ਸਰੀ/ਡੈਲਟਾ 'ਚ ਆਪਣਾ ਘਰ, ਲਈ ਸੁਦੰਰ, ਸੋਬਰ, ਘਰੇਲੂ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਪੀ.ਆਰ ਨੂੰ ਪਹਿਲ। ਸੰਪਰਕ ਕਰੋ- 604-910-3500

***************

ਗੁਰਸਿੱਖ ਲੜਕਾ ਉਮਰ 34 ਸਾਲ ਕੱਦ 5'10" (ਵਰਕਪ੍ਰਮਟ) ਵਾਸਤੇ ਗੁਰਸਿੱਖ ਪੀ ਆਰ(ਫ਼) ਜਾਂ ਸਿਟਿਜ਼ਨ ਲੜਕੀ ਦੀ ਲੋੜ।
ਸਪੰਰਕ:-778-903-0135

***************

ਸਰੀ ਵਿਚ ਰਹਿ ਰਹੇ ਵਰਕ ਪਰਮਿਟ ਹੋਲਡਰ ਜੱਟ ਸਿੱਖ ਗਿੱਲ ਲੜਕਾ (ਮੋਗਾ ਜ਼ਿਲਾ), ਉਮਰ 32 ਸਾਲ, ਕੱਦ 6' ਲਈ ਕੈਨੇਡੀਅਨ ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ। ਵੈਨਕੂਵਰ ਏਰੀਆ ਨੂੰ ਪਹਿਲ।
ਸੰਪਰਕ: 604-809-3121

***************

### ਲੜਕੀ ਦੀ ਲੋੜ

ਕੈਨੇਡੀਅਨ ਜੱਟ ਸਿੱਖ ਗਿੱਲ ਲੜਕਾ, ਉਮਰ 28 ਸਾਲ, ਕੱਦ 5'7", ਲਈ ਕਨੇਡੀਅਨ ਪੀਆਰ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਕੋਲ ਰਾਜਸਥਾਨ (ਭਾਰਤ) ਵਿਚ ਸ਼ਹਿਰੀ ਜਾਇਦਾਦ ਅਤੇ 60 ਕਿੱਲੇ ਜ਼ਮੀਨ ਹੈ। ਰਾਜਸਥਾਨ ਪਿਛੋਕੜ ਵਾਲੇ ਪਰਿਵਾਰ ਨੂੰ ਤਰਜੀਹ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਵਟਸਐਪ ਨੰਬਰ +919667729796 'ਤੇ ਸੰਪਰਕ ਕੀਤਾ ਜਾ ਸਕਦਾ ਹੈ।

***************

### ਲੜਕੀ ਦੀ ਲੋੜ

ਕੈਨਡੀਅਨ ਜੰਮਪਲ ਲੜਕਾ, ਉਮਰ 30 ਸਾਲ, ਕੱਦ 5' 10", ਮਕੈਨੀਕਲ ਇੰਜਨੀਅਰ ਦੀ ਜੌਬ ਕਰ ਰਿਹਾ ਹੈ, ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗਰਾਂਟ ਲੜਕੀ ਦੀ ਲੋੜ ਹੈ। ਸੰਪਰਕ: 778-896-2843
ਈਮੇਲ: **g.gurbachan@gmail.com**

## ਵਰ ਦੀ ਲੋੜ

ਕੈਨੇਡੀਅਨ ਜੱਟ ਸਿੱਖ ਗਿੱਲ, ਉਮਰ 29 ਸਾਲ, ਕੱਦ 5'6", ਕੈਂਸਰ ਹਸਪਤਾਲ ਵੈਨਕੂਵਰ ਵਿੱਚ ਬਤੌਰ MUC ਸਰਵਿਸ ਕਰਦੀ ਲੜਕੀ ਲਈ ਕਨੇਡੀਅਨ ਪੀਆਰ ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਦੇ ਪਰਿਵਾਰ ਦਾ ਪਿਛੋਕੜ ਰਾਜਸਥਾਨ (ਭਾਰਤ) ਨਾਲ ਸਬੰਧਤ ਹੈ ਅਤੇ ਰਾਜਸਥਾਨ ਪਿਛੋਕੜ ਵਾਲੇ ਪਰਿਵਾਰ ਨੂੰ ਤਰਜੀਹ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਵਟਸਐਪ ਨੰਬਰ +919667729796 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ, ਉਮਰ 46 ਸਾਲ, ਯੋਗਤਾ ਡਬਲ ਐਮ ਏ, ਟ੍ਰਿਪਲ ਡਿਪਲੋਮਾ, ਸਰਕਾਰੀ ਜੌਬ, 15 ਸਾਲ ਦਾ ਤਜੁਰਬਾ, ਹੁਣ ਬੀਸੀ, ਕੈਨੇਡਾ ਵਿਚ ਵਿਜਟਰ ਵੀਜ਼ੇ ਉਪਰ ਆਏ ਵਾਸਤੇ ਕੈਨੇਡੀਅਨ ਲੜਕੀ ਦੀ ਲੋੜ ਹੈ। ਲੜਕੇ ਦੀ ਪੰਜਾਬ ਵਿਚ ਆਪਣੀ ਸ਼ਹਿਰੀ ਕੋਠੀ ਤੇ ਪਿੰਡ ਵਿਚ ਜ਼ਮੀਨ ਹੈ। ਚਾਹਵਾਨ ਸੰਪਰਕ ਕਰੋ । ਫੋਨ ਨੰਬਰ- 778-598- 9013 ਜਾਂ ਇੰਡੀਆ ਵਟਸਐਪ ਨੰਬਰ 98724-39814

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ।
ਅੱਜ ਹੀ ਸੰਪਰਕ 604-307-7008

### ਇੰਸ਼ੋਰੈਂਸ ਸੇਵਾਵਾਂ

ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਦੀਆਂ ਸੇਵਾਵਾਂ ਲਈ ਸੰਪਰਕ ਕਰੋ 604-377-4085

## WORKER REQUIRED

**GALAXY IDP CONSTRUCTION LTD.**

**Full Time Hiring Workers**

Construction painter supervisor (2)
Insulator (2)
Painter (3)
Email: galaxyinsulationdrywall@gmail.com
**Phone: 604-366-6000**
**www.gidl.ca**

## ਲੜਕੀ ਦੀ ਲੋੜ

37 ਸਾਲਾਂ 5' 6" ਅਨਮੈਰਿਡ ਹਿੰਦੂ ਵਰਮਾ ਵਰਕ ਪਰਮਿਟ ਸਰੀ 'ਚ ਰਹਿੰਦੇ ਸੋਹਣੇ ਮੁੰਡੇ (ਇੰਡੀਅਨ ਬੈਕਗਰਾਊਂਡ ਪੰਜਾਬ) ਲਈ ਸਿਟੀਜ਼ਨ/ਪੀ.ਆਰ., ਸਟੂਡੈਂਟ ਵੀਜ਼ਾ, ਟੈਂਮਪਰੇਰੀ ਵੀਜ਼ਾ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ।
ਸੰਪਰਕ ਕਰੋ:- 7783210986
Exp. 6 Jan

## ਵਰ ਦੀ ਲੋੜ

ਵੈਨਕੂਵਰ ਰਹਿ ਰਹੀ ਸੁਹਣੀ ਸੁਨੱਖੀ, ਜੱਟ ਸਿੱਖ ਪਰਿਵਾਰਕ, ਮਿਹਨਤੀ ਲੜਕੀ, ਉਮਰ 26 ਸਾਲ, ਕੱਦ 5'5", ਬੀ.ਟੈੱਕ ਕੰਪਿਊਟਰ ਸਾਇੰਸ, ਨੈਨੀ ਦੀ ਪੀ.ਆਰ. ਫਾਈਲ ਲੱਗੀ ਹੋਈ ਹੈ, ਲਈ ਜੱਟ ਸਿੱਖ ਵਰ ਦੀ ਲੋੜ ਹੈ। ਸੰਪਰਕ- 778-710-9766
26 Jan-5

## ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਜੰਮਪਲ ਲੜਕਾ, ਉਮਰ 30 ਸਾਲ, ਕੱਦ 6'1", ਹੈਲਥ ਕੇਅਰ ਡਿਪਲੋਮਾ ਹੋਲਡਰ, ਆਪਣਾ ਫੈਮਿਲੀ ਬਿਜ਼ਨਸ, ਵੈੱਲ ਸੈਟਲਡ ਪਰਿਵਾਰ ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ. ਜਾਂ ਸਟੂਡੈਂਟ ਪਰਿਵਾਰਕ ਲੜਕੀ ਦੀ ਲੋੜ ਹੈ। ਸੰਪਰਕ- 604-916-2959
26 Jan-5

## ਵਰ ਦੀ ਲੋੜ

ਕੈਨੇਡੀਅਨ ਸਿਟੀਜ਼ਨ ਜੱਟ ਸਿੱਖ ਬਰਾੜ, ਉਮਰ 29 ਸਾਲ, ਕੱਦ 5'6", ਦੋ ਸਾਲਾ ਬਿਜਨਸ ਡਿਪਲੋਮਾ ਅਤੇ ਇਮੀਗਰੇਸ਼ਨ ਲਾਇਸੈਂਸ ਹੋਲਡਰ, ਇੰਸ਼ੋਰੈਂਸ ਅਤੇ ਇਮੀਗਰੇਸ਼ਨ ਦਾ ਕੰਮ ਕਰ ਰਹੀ ਲੜਕੀ ਲਈ ਯੋਗ ਵਰ ਦੀ ਲੋੜ ਹੈ। ਮਾਲਵਾ ਜਾਂ ਸਰੀ ਨੂੰ ਪਹਿਲ। ਸੰਪਰਕ: 236-591-2719 (Whats app)

## ਆਫਿਸ ਲਈ ਸਪੇਸ ਕਿਰਾਏ/ਲੀਜ਼ 'ਤੇ

500 ਫੁੱਟ ਤੋਂ 1000 ਸੁਕੂਏਅਰ ਫੁੱਟ, ਸਕੋਟ ਰੋਡ 'ਤੇ ਪਰਾਇਮ ਲੋਕੇਸ਼ਨ. ਹੋਰ ਜਾਣਕਾਰੀ ਲਈ ਕਾਲ- 604-339-2389

# ਅਜੋਕੇ ਸਮਿਆਂ ਵਿਚ ਮੀਡੀਆ ਨੂੰ ਦਰਪੇਸ਼ ਚੁਣੌਤੀਆਂ

ਪ੍ਰੋ. ਕੁਲਬੀਰ ਸਿੰਘ

ਸ਼ੁਰੂ ਤੋਂ ਸੁਣਦੇ ਆ ਰਹੇ ਹਾਂ ਕਿ ਮੀਡੀਆ ਦੀ ਜ਼ਿੰਮੇਵਾਰੀ ਸਿੱਖਿਆ, ਸੂਚਨਾ ਤੇ ਮਨੋਰੰਜਨ ਮਹੱਈਆ ਕਰਨਾ ਹੈ। ਇਸ ਵਿਚ ਕੋਈ ਸ਼ੱਕ ਨਹੀ ਕਿ ਮੀਡੀਆ ਦਾ ਸਮਾਜ □ਤੇ ਵੱਡਾ ਸਮਾਜਕ ਤੇ




ਸਭਿਆਚਾਰਕ ਪ੍ਰਭਾਵ ਹੈ। ਪਰ ਸਮਾਂ ਤੇ ਸਮਾਜ, ਦੇਸ਼ ਤੇ ਦੁਨੀਆਂ ਬੜੀ ਤੇਜ਼ੀ ਨਾਲ ਬਦਲ ਰਹੇ ਹਨ। ਏਸ਼ੀਆ ਦੀ ਸਥਿਤੀ ਅੱਜ ਉਹ ਨਹੀਂ ਹੈ ਜੋ ਦੋ ਦਹਾਕੇ ਪਹਿਲਾਂ ਸੀ। ਮੀਡੀਆ ਅੱਜ ਉਹ ਨਹੀਂ ਹੈ ਜੋ ਪੰਦਰਾਂ ਵਰ੍ਹੇ ਪਹਿਲਾਂ ਸੀ। ਲੋਕ-ਮਾਨਸਿਕਤਾ ਅੱਜ ਉਹ ਨਹੀਂ ਹੈ ਜੋ ਵੀਹ ਸਾਲ ਪਹਿਲਾਂ ਸੀ। ਫਿਰ ਮੀਡੀਆ ਕੇਵਲ ਸਿੱਖਿਆ, ਸੂਚਨਾ ਤੇ ਮਨੋਰੰਜਨ ਤੱਕ ਸੀਮਤ ਕਿਵੇਂ ਰਹਿ ਸਕਦਾ ਹੈ ?

ਇਕ ਪਾਸੇ ਮੀਡੀਆ ਨਵੇਂ ਰਾਹ-ਰਸਤੇ ਤਲਾਸ਼ ਰਿਹਾ ਹੈ ਦੂਸਰੇ ਪਾਸੇ ਮੀਡੀਆ ਦੀਆਂ ਆਪਣੀਆਂ ਮੁਸ਼ਕਲਾਂ ਵਿਚ ਢੇਰ ਵਾਧਾ ਹੋ ਗਿਆ ਹੈ। ਇਕੋ ਵੇਲੇ ਉਸ ਨੂੰ ਕਈ ਮੁਹਾਜ਼ 'ਤੇ ਲੜਾਈ ਲੜਨੀ ਪੈ ਰਹੀ ਹੈ। ਪਹਿਲਾਂ ਪਹਿਲ ਕਾਗਜ਼ ਮਹਿੰਗਾ ਹੋ ਜਾਂਦਾ ਸੀ, ਸਿਆਹੀ ਮਹਿੰਗੀ ਹੋ ਜਾਂਦੀ ਸੀ ਤਾਂ ਅਖ਼ਬਾਰ ਦੀ ਕੀਮਤ ਥੋੜ੍ਹੀ ਵਧਾ ਕੇ ਇਸ਼ਤਿਹਾਰ ਦੇ ਰੇਟ ਤਬਦੀਲ ਕਰਕੇ ਮਸਲਾ ਹੱਲ ਹੋ ਜਾਂਦਾ ਸੀ। ਟੈਲੀਵਿਜ਼ਨ ਚਲਾਉਣ ਦੇ ਖਰਚੇ ਵਧ ਜਾਂਦੇ ਸਨ ਤਾਂ ਉਹ ਵੀ ਇਸ਼ਤਿਹਾਰ ਰੇਟ ਵਧਾ ਕੇ ਸਥਿਤੀ ਸਾਵੀਂ ਕਰ ਲੈਂਦੇ ਸਨ। ਅੱਜ ਸਮੱਸਿਆਵਾਂ ਐਨੀਆਂ ਸਿੱਧੀਆਂ ਤੇ ਸਰਲ ਨਹੀਂ ਹਨ। ਸਮੱਸਿਆਵਾਂ ਗੁੰਝਲਦਾਰ, ਪੇਚੀਦਾ ਤੇ ਟੇਢੀਆਂ ਮੇਢੀਆਂ ਹਨ ਤਾਂ ਉਨ੍ਹਾਂ ਦੇ ਹੱਲ ਅਤੇ ਉਨ੍ਹਾਂ ਚੋਂ ਨਿਕਲਣ ਦੇ ਰਾਹ-ਰਸਤੇ ਵੀ ਇੰਝ ਦੇ ਹੀ ਹਨ। ਨਿੱਤ ਨਵੀਂ ਕਿਸਮ ਦੇ ਮੀਡੀਆ ਦਾ ਉਭਾਰ ਹੋ ਰਿਹਾ ਹੈ। ਨਿੱਤ ਨਵੀਂ ਤਕਨੀਕ ਆ ਰਹੀ ਹੈ। ਨਿੱਤ ਸਰੋਤੇ, ਦਰਸ਼ਕ, ਪਾਠਕ ਬਦਲ ਰਹੇ ਹਨ। ਪੁਰਾਣੇ ਤੇ ਨਵੇਂ ਮੀਡੀਆ ਨੂੰ ਇਕੱਠਾ ਕਰਨਾ, ਤਾਲਮੇਲ ਬਠਾਉਣਾ ਮੁਸ਼ਕਲ ਹੋ ਗਿਆ ਹੈ। ਸਿਆਸਤ ਅਤੇ ਚੋਣਾਵੀਂ ਜਿੱਤ ਹਾਰ ਮੀਡੀਆ ਨੂੰ ਪ੍ਰਭਾਵਤ ਕਰ ਰਹੀ ਹੈ। ਇਸ਼ਤਿਹਾਰਬਾਜ਼ੀ ਦੀ ਦਿਸ਼ਾ ਅਤੇ ਢੰਗ-ਤਰੀਕਿਆਂ ਵਿਚ ਵੱਡੇ ਬਦਲਾਅ ਵਾਪਰ ਰਹੇ ਹਨ। ਜਾਅਲੀ ਖ਼ਬਰਾਂ ਪਾਠਕਾਂ ਤੇ ਦਰਸ਼ਕਾਂ ਦੇ ਨਾਲ ਨਾਲ ਮੁਖ ਧਾਰਾ ਮੀਡੀਆ ਲਈ ਵੀ ਚੁਣੌਤੀ ਬਣ ਗਈਆਂ ਹਨ। ਭਰੋਸੇਯੋਗਤਾ ਅਤੇ ਮਿਆਰ ਦੀ ਵੱਡੀ ਸਮੱਸਿਆ ਪੈਦਾ ਹੋ ਗਈ ਹੈ। ਸਿਹਤ ਸਬੰਧੀ ਗ਼ੈਰ-ਮਿਆਰੀ ਜਾਣਕਾਰੀ ਦਾ ਹੜ੍ਹ ਆਇਆ ਹੋਇਆ ਹੈ। ਗ਼ਲਤ ਜਾਣਕਾਰੀ □ਤੇ ਕਿਸੇ ਦਾ ਕੋਈ ਕੰਟਰੋਲ ਨਹੀਂ ਹੈ। ਇਹ ਸੋਸ਼ਲ ਮੀਡੀਆ □ਤੇ ਅੱਗੇ ਤੋਂ ਅੱਗੇ ਫੈਲਦੀ ਜਾਂਦੀ ਹੈ। ਮੀਡਆ □ਤੇ ਕਈ ਤਰ੍ਹਾਂ ਨਾਲ ਹਮਲੇ ਹੋ ਰਹੇ ਹਨ। ਕਈ ਤਰ੍ਹਾਂ ਦੇ ਦਬਾਅ ਹੇਠ ਕੰਮ ਕਰਨਾ ਪੈ ਰਿਹਾ ਹੈ। ਦੁਨੀਆਂ ਦੇ, ਏਸ਼ੀਆ ਦੇ ਅੰਕੜੇ ਵੇਖ ਕੇ ਹੈਰਾਨੀ ਹੁੰਦੀ ਹੈ। ਪਾਰਦਰਸ਼ਤਾ ਦੀ ਘਾਟ ਦਾ, ਨਿਯਮ-ਕਾਨੂੰਨ ਦੀ ਉਲੰਘਣਾ ਦਾ, ਡਾਟਾ ਦੀ ਨਿੱਜਤਾ ਦਾ, ਵਿੱਤੀ ਮਦਦ ਦੀ ਕਮੀ ਦਾ, ਮੀਡੀਆ ਦੇ ਵੱਕਾਰ ਦਾ ਅਨੇਕਾਂ ਮੁੱਦੇ ਮਸਲੇ ਹਨ ਜਿਨ੍ਹਾਂ ਵੱਲ ਤੁਰੰਤ ਧਿਆਨ ਦੇਣ ਦੀ ਲੋੜ ਹੈ। ਇਨ੍ਹਾਂ ਤੋਂ ਇਲਾਵਾ ਬਹੁਤ ਸਾਰੀਆਂ ਹੋਰ ਮੁਸ਼ਕਲਾਂ ਤੇ ਚੁਣੌਤੀਆਂ ਦਾ ਸਾਹਮਣਾ ਟੈਲੀਵਿਜ਼ਨ, ਰੇਡੀਓ, ਪ੍ਰਿੰਟ ਮੀਡੀਆ, ਸਿਨੇਮਾ, ਡਿਜ਼ੀਟਲ ਮੀਡੀਆ, ਸੋਸ਼ਲ ਮੀਡੀਆ ਨੂੰ ਸਮੁੱਚੇ ਤੌਰ □ਤੇ ਅਤੇ ਇਕੱਲੇ ਤੌਰ □ਤੇ ਕਰਨਾ ਪੈ ਰਿਹਾ ਹੈ। ਨਵੀਨਤਮ ਤਕਨੀਕ ਦੇ ਇਸ ਯੁਗ ਵਿਚ ਲੋਕਾਂ ਨੇ ਇਕ ਨਵੀਂ ਤਰ੍ਹਾਂ ਦੀ ਜੀਵਨ-ਸ਼ੈਲੀ ਨੂੰ ਅਪਣਾ ਲਿਆ ਹੈ। ਉਸ ਜੀਵਨ-ਸ਼ੈਲੀ ਨੇ ਜਿੱਥੇ ਮਨੁੱਖਾ ਜੀਵਨ, ਮਨੁੱਖੀ ਸਿਹਤ ਅਤੇ ਸਮਾਜ ਨੂੰ ਪ੍ਰਭਾਵਤ ਕੀਤਾ ਹੈ ਉਥੇ ਸਿੱਧੇ ਅਸਿੱਧੇ ਤੌਰ □ਤੇ ਮੀਡੀਆ ਵੀ ਇਸਤੋਂ ਨਹੀਂ ਬਚਿਆ। ਰਿਵਾਇਤੀ ਮੀਡੀਆ ਨੂੰ ਆਪਣੇ ਵਿਰਾਸਤੀ ਤੱਤਾਂ ਨੂੰ ਕਾਇਮ ਰੱਖਣ ਵਿਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਉਪਭੋਗਤਾ ਨੂੰ ਰੁਝਾਉਣ ਦੇ ਨਵੇਂ ਨਵੇਂ ਢੰਗ-ਤਰੀਕੇ ਖੋਜਣੇ ਅਪਨਾਉਣੇ ਪੈ ਰਹੇ ਹਨ। ਰਿਵਾਇਤੀ ਮੀਡੀਆ ਨੂੰ ਡਿਜ਼ੀਟਲ ਯੁਗ ਵਿਚ ਦਰਸ਼ਕਾਂ, ਸਰੋਤਿਆਂ, ਪਾਠਕਾਂ ਦੇ ਬਦਲਦੇ ਵਿਵਹਾਰ ਦਾ, ਡਿਜ਼ੀਟਲ ਮੰਚਾਂ ਨਾਲ ਮੁਕਾਬਲੇ ਦਾ, ਨਿੱਤ ਨਵੀਆਂ ਤਕਨੀਕਾਂ ਅਤੇ ਬਦਲਦੇ ਕਾਰੋਬਾਰੀ ਮਾਡਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਛੋਟੇ ਅਦਾਰਿਆਂ ਨੂੰ ਸੀਮਤ ਸਾਧਨਾਂ ਅਤੇ ਸੀਮਤ ਬੱਜਟ ਨਾਲ ਕੰਮ ਕਰਦਿਆਂ ਹੋਰ ਵੀ ਵੱਡੀਆਂ ਚੁਣੌਤੀਆਂ ਵਿਚੋਂ ਲੰਘਣਾ ਪੈ ਰਿਹਾ ਹੈ। ਇੰਟਰਨੈਟ ਨੇ ਮੀਡੀਆ ਨੂੰ ਬੇਹੱਦ ਪ੍ਰਭਾਵਤ ਕੀਤਾ ਹੈ। ਇਸਦੀ ਪਹੁੰਚ ਵਿਸ਼ਾਲ ਹੈ ਪਰੰਤੂ ਇਸਦੇ ਨੁਕਸਾਨ ਵੀ ਹਨ। ਜਾਣਕਾਰੀ ਦਾ ਹੜ੍ਹ ਆ ਗਿਆ ਹੈ ਅਤੇ ਭਰੋਸੇਯੋਗਤਾ ਦਾ ਸੰਕਟ ਪੈਦਾ ਹੋ ਗਿਆ ਹੈ। ਨਿੱਜਤਾ ਅਤੇ ਸਰੱਖਿਆ ਦਾ ਭੈਅ ਬਣਿਆ ਰਹਿੰਦਾ ਹੈ ਅਤੇ ਇਸਦੀ ਉਮਰ ਬੜੀ ਥੋੜ੍ਹੀ ਹੈ। ਨਵੀਂ ਤਕਨੀਕ, ਨਵੇਂ ਸਾਧਨ, ਨਵੀਂ ਭਰਤੀ ਕਾਰਨ ਇਸਦੀ ਲਾਗਤ ਵਧੇਰੇ ਹੈ। ਹਰ ਪਲ ਅਪ-ਡੇਟ ਦੀ ਚੁਣੌਤੀ ਬਣੀ ਰਹਿੰਦੀ ਹੈ। ਕਾਹਲ ਵਿਚ ਸਥਾਨਕ, ਕੌਮੀ ਤੇ ਕੌਮਾਂਤਰੀ ਖ਼ਬਰਾਂ ਦੇ ਵੱਖ ਵੱਖ ਰੰਗ ਰੂਪ ਵੇਖਣ, ਸੁਣਨ, ਪੜ੍ਹਨ ਨੂੰ ਮਿਲ ਰਹੇ ਹਨ। ਇਹ ਅਜੋਕੇ ਮੀਡੀਆ ਦਾ ਸੱਚ ਹੈ। ਇਹ ਸੱਚ ਵੀ ਤਾਂ ਇਕ ਚੁਣੌਤੀ ਹੈ।










# ਪੰਜਾਬ ਸਰਕਾਰ ਵੱਲੋਂ ਸਤਿਗੁਰੂ ਰਾਮ ਸਿੰਘ ਜੀ ਦੇ 208ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਰਾਜ ਪੱਧਰੀ ਸਮਾਗਮ ਆਯੋਜਿਤ

## ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਲੋਕਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਦੀ ਵਿਚਾਰਧਾਰਾ ਨੂੰ ਅਪਣਾਉਣ ਦੀ ਕੀਤੀ ਅਪੀਲ

ਸ੍ਰੀ ਭੈਣੀ ਸਾਹਿਬ(ਲੁਧਿਆਣਾ), 14 ਫਰਵਰੀ (ਮਹੇਸ਼ਇੰਦਰ ਸਿੰਘ ਮਾਂਗਟ) – ਭਾਰਤ ਦੀ ਅਜ਼ਾਦੀ ਦੀ ਲੜਾਈ ਦਾ ਮੁੱਢ ਸ਼੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਅੰਗਰੇਜ ਸਾਮਰਾਜ ਵਿਰੁੱਧ ਨਾ ਮਿਲਵਤਰਨ ਲਹਿਰ ਚਲਾ ਕੇ ਬੰਨ੍ਹਿਆ ਅਤੇ ਦੇਸ਼ ਨੂੰ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਸੇਧ ਪ੍ਰਦਾਨ ਕੀਤੀ. ਉਨ੍ਹਾਂ ਸੱਚ, ਸਤਿਆਗ੍ਰਹਿ ਅਤੇ ਅਹਿਸਾ ਦੇ ਸਿਧਾਂਤਾ ਤੇ ਪਹਿਰਾ ਦਿੱਤਾ ਅਤੇ ਇਹਨਾਂ ਸਿਧਾਂਤਾ ਨੂੰ ਅਪਣਾ ਕੇ ਦੇਸ਼ ਦੀ ਅਜ਼ਾਦੀ ਦੀ ਲਹਿਰ ਵਿਚ ਵਡਮੁੱਲਾ ਯੋਗਦਾਨ ਪਾਇਆ। ਸਤਿਗੁਰੂ ਰਾਮ ਸਿੰਘ ਜੀ ਦੀ ਸੋਚ ਨੂੰ ਸਮਾਜ ਸੁਧਾਰ ਦਾ ਆਧਾਰ ਬਣਾਉਣ ਦੀ ਲੋੜ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਵਿਧਾਨ ਸਭਾ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਵੱਲੋਂ ਸਤਿਗੁਰੂ ਰਾਮ ਸਿੰਘ ਜੀ ਦੇ 208ਵੇਂ ਪ੍ਰਕਾਸ਼ ਪੁਰਬ ਮੌਕੇ ਪੰਜਾਬ ਸਰਕਾਰ ਵੱਲੋਂ ਆਯੋਜਿਤ ਸ੍ਰੀ ਭੈਣੀ ਸਾਹਿਬ ਵਿਖੇ ਰਾਜ ਪੱਧਰੀ ਸਮਾਗਮ ਦੌਰਾਨ ਸੰਗਤਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ। ਇਸ ਮੌਕੇ ਸਤਿਗੁਰੂ ਉਦੈ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਲ ਸਨ। ਕੂਕਾ ਸ਼ਹੀਦਾਂ ਦੀਆਂ ਕੁਰਬਾਨੀਆਂ ਦਾ ਜ਼ਿਕਰ ਕਰਦਿਆਂ, ਸ. ਸੰਧਵਾਂ ਨੇ ਕਿਹਾ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਬਹਾਦਰ ਕ੍ਰਾਂਤੀਕਾਰੀ ਪੈਦਾ ਕੀਤੇ, ਜਿਨ੍ਹਾਂ ਅੰਗਰੇਜ਼ਾਂ ਦੇ ਖਿਲਾਫ ਹੌਸਲੇ ਨਾਲ ਲੜਾਈ ਲੜੀ ਅਤੇ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਤੋਪਾਂ ਦੇ ਸਾਹਮਣੇ ਖੜ੍ਹੇ ਹੋ ਕੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਉਨ੍ਹਾਂ ਕਿਹਾ ਕਿ ਮਲੇਰਕੋਟਲਾ ਵਿਖੇ 66 ਨਾਮਧਾਰੀ ਸਿੰਘਾਂ ਨੂੰ ਅੰਗਰੇਜਾਂ ਨੇ ਤੋਪਾਂ ਨਾਲ ਉਡਾਇਆਂ ਅਤੇ ਲੁਧਿਆਣਾ, ਰਾਏਕੋਟ ਅਤੇ ਅੰਮ੍ਰਿਤਸਰ ਵਿਖੇ ਕਈ ਨਾਮਧਾਰੀ ਸਿੰਘਾਂ ਨੂੰ ਸ਼ਰੇਆਮ ਫਾਂਸੀ ਵੀ ਦਿੱਤੀ ਗਈ। ਉਨ੍ਹਾਂ ਕਿਹਾ ਕਿ ਅਜ਼ਾਦੀ ਦੀ ਲੜਾਈ ਦੌਰਾਨ ਸਭ ਤੋਂ ਵੱਧ ਕੁਰਬਾਨੀਆਂ ਪੰਜਾਬੀਆਂ ਨੇ ਦਿੱਤੀਆਂ ਅਤੇ ਅਜਾਦੀ ਦੀ ਲੜਾਈ ਦੌਰਾਨ ਨਾਮਧਾਰੀ ਸਿੰਘਾਂ ਨੇ ਵੀ ਬਹੁਤ ਕੁਰਬਾਨੀਆਂ ਦਿੱਤੀਆਂ, ਜਿਨ੍ਹਾਂ ਨੂੰ ਕਦੇ ਵੀ ਭੁਲਾਇਆ ਨਹੀ ਜਾ ਸਕਦਾ। ਉਨ੍ਹਾਂ ਕਿਹਾ ਕਿ ਇਹ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਹੀ ਸਨ, ਜਿਨ੍ਹਾਂ ਗੁਰੂਆਂ ਵੱਲੋਂ ਦਰਸਾਏ ਹੋਏ ਅਹਿਸਾ ਦੇ ਰਸਤੇ 'ਤੇ ਚੱਲਦਿਆਂ ਅੰਗਰੇਜ਼ਾਂ ਦਾ ਅਤੇ ਉਨ੍ਹਾਂ ਵੱਲੋਂ ਦਿੱਤੀਆਂ ਜਾਂਦੀਆਂ ਸੁੱਖ ਸਹੂਲਤਾਂ ਦਾ ਮੁਕੰਮਲ ਬਾਈਕਾਟ ਕੀਤਾ। ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਸ਼ੁਰੂ ਕੀਤੇ ਗਏ ਨਾ ਮਿਲਵਰਤਨ ਅੰਦੋਲਨ ਅਤੇ ਨਾ ਫੁਰਮਾਨੀ ਅੰਦੋਲਨ ਨੂੰ ਬਾਅਦ ਵਿੱਚ ਮਹਾਤਮਾ ਗਾਂਧੀ ਵਰਗੇ ਆਗੂਆਂ ਨੇ ਅਪਣਾਉਣ ਨੂੰ ਪਹਿਲ ਦਿੱਤੀ। ਇਤਿਹਾਸ ਗਵਾਹ ਹੈ ਦੇਸ਼ ਦੀ ਅਜ਼ਾਦੀ ਦਾ ਅਸਲ ਮੁੱਢ ਕੂਕਿਆਂ ਵੱਲੋਂ ਮਲੇਰਕੋਟਲਾ ਦੀ ਪਵਿੱਤਰ ਧਰਤੀ ਤੋਂ ਬੱਝਿਆ ਗਿਆ ਸੀ। ਪੰਜਾਬ ਵਿਧਾਨ ਸਭਾ ਸਪੀਕਰ ਨੇ ਨਾਮਧਾਰੀ ਸੰਪਰਦਾ ਨੂੰ ਸਾਦਗੀ, ਸੱਚਾਈ ਅਤੇ ਨਿਮਰਤਾ ਦਾ ਸੋਮਾ ਦੱਸਦਿਆਂ ਸੰਗਤ ਨੂੰ ਅਪੀਲ ਕੀਤੀ ਕਿ ਸਾਨੂੰ ਇਸ ਸੰਪਰਦਾ ਅਤੇ ਗੁਰੂਆਂ ਵੱਲੋਂ ਦਰਸਾਏ ਹੋਏ ਮਾਰਗ 'ਤੇ ਚੱਲਦੇ ਹੋਏ ਪ੍ਰਮਾਤਮਾ ਨੂੰ ਪ੍ਰਾਪਤ ਕਰਨ ਲਈ ਯਤਨ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਨਾਮਧਾਰੀ ਸੰਪਰਦਾ ਨੇ ਹਮੇਸ਼ਾਂ ਖੇਤੀਬਾੜੀ ਅਤੇ ਖੇਡਾਂ ਨੂੰ ਉਤਸ਼ਾਹਿਤ ਕੀਤਾ ਹੈ। ਸ੍ਰੀ ਸੰਧਵਾਂ ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਨਿੱਜੀ ਤੌਰ 'ਤੇ ਸਤਿਗੁਰੂ ਰਾਮ ਸਿੰਘ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਇੱਥੇ ਆਉਣਾ ਚਾਹੁੰਦੇ ਸਨ ਪਰ ਕੁਝ ਮਜ਼ਬੂਰੀਆਂ ਕਾਰਨ ਉਹ ਇਸ ਰਾਜ ਪੱਧਰੀ ਸਮਾਗਮ ਵਿੱਚ ਸ਼ਾਮਲ ਨਹੀਂ ਹੋ ਸਕੇ। ਉਨ੍ਹਾਂ ਕਿਹਾ ਕਿ ਨਾਮਧਾਰੀ ਸੰਪਰਦਾ ਵੱਲੋਂ ਪੰਜਾਬ ਸਰਕਾਰ ਨੂੰ ਜੋ ਹੁਕਮ ਜਾਂ ਸੇਵਾ ਲਗਾਈ ਜਾਵੇਗੀ, ਉਹ ਸਿਰ ਨਿਵਾ ਕੇ ਪੂਰੀ ਕੀਤੀ ਜਾਵੇਗੀ। ਇਸ ਮੌਕੇ ਸਤਿਗੁਰੂ ਉਦੈ ਸਿੰਘ ਨੇ ਪੰਜਾਬ ਵਿਧਾਨ ਸਭਾ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਐਚ.ਐਸ.ਹੰਸਪਾਲ, ਵਿਧਾਇਕ ਹਰਦੀਪ ਸਿੰਘ ਮੁੰਡੀਆਂ, ਵਧੀਕ ਡਿਪਟੀ ਕਮਿਸ਼ਨਰ ਮੇਜਰ ਅਮਿਤ ਸਰੀਨ, ਸੁਰਿੰਦਰ ਸਿੰਘ ਨਾਮਧਾਰੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਨਾਮਧਾਰੀ ਸੰਗਤ ਹਾਜ਼ਰ ਸੀ।




# ਪੰਜਾਬੀ ਫਿਲਮਾਂ ਹੁਣ ਹਾਲੀਵੁੱਡ, ਬਾਲੀਵੁੱਡ ਅਤੇ ਸਾਊਥ ਦੀਆਂ ਫ਼ਿਲਮਾਂ ਦਾ ਮੁਕਾਬਲਾ ਕਰਨ ਦੇ ਸਮਰੱਥ-ਦੇਵ ਖਰੌੜ



ਸਰੀ (ਹਰਦਮ ਮਾਨ)-ਪੰਜਾਬੀ ਫਿਲਮਾਂ ਦੇ ਪ੍ਰਸਿੱਧ ਅਦਾਕਾਰ ਦੇਵ ਖਰੌੜ ਨੇ ਕਿਹਾ ਹੈ ਕਿ ਪੰਜਾਬੀ ਫਿਲਮਾਂ ਹੁਣ ਵੱਡੇ ਬਜਟ ਨਾਲ ਬਣ ਰਹੀਆਂ ਹਨ ਅਤੇ ਇਹ ਕਿਸੇ ਪੱਖੋਂ ਵੀ ਹੌਲੀਵੁੱਡ, ਬਾਲੀਵੁੱਡ ਜਾਂ ਸਾਊਥ ਦੀਆਂ ਫਿਲਮਾਂ ਤੋਂ ਘੱਟ ਨਹੀਂ ਹਨ। ਪਿਛਲੇ ਸਮੇਂ ਵਿੱਚ ਕਈ ਪੰਜਾਬੀ ਫਿਲਮਾਂ ਨੇ ਬਾਕਸ ਆਫ ਤੇ ਬੇਹੱਦ ਸਫਲਤਾ ਪ੍ਰਾਪਤ ਕੀਤੀ ਹੈ। ਉਹਨਾਂ ਕਿਹਾ ਕਿ ਅੱਜ ਦਾ ਦਰਸ਼ਕ ਸਾਊਥ ਦੀਆਂ ਡੱਬ ਫਿਲਮਾਂ ਵੀ ਦੇਖਦਾ ਹੈ, ਹੌਲੀਵੁੱਡ ਦੀਆਂ ਫਿਲਮਾਂ ਵੀ ਦੇਖਦਾ ਹੈ ਤੇ ਬੌਲੀਵੁੱਡ ਦੀਆਂ ਫਿਲਮਾਂ ਵੀ ਦੇਖਦਾ ਹੈ। ਇਸ ਲਈ ਪੰਜਾਬੀ ਫਿਲਮਾਂ ਇੰਡਸਟਰੀ ਨੂੰ ਵੀ ਉਸ ਇਹਨਾਂ ਫਿਲਮਾਂ ਦਾ ਮੁਕਾਬਲਾ ਕਰਨ ਦੇ ਸਮਰੱਥ ਹੋਣਾ ਪੈਣਾ ਹੈ ਅਤੇ ਖੁਸ਼ੀ ਦੀ ਗੱਲ ਹੈ ਕਿ ਕਈ ਫਿਲਮਾਂ ਨੇ ਅਜਿਹਾ ਕਰਨ ਵਿਚ ਸਫਲ ਵੀ ਹੋਈਆਂ ਹਨ। ਦੇਵ ਖਰੌੜ ਆਪਣੀ ਨਵੀਂ ਆ ਰਹੀ ਫਿਲਮ 'ਬਲੈਕੀਆ-2' ਦੀ ਪ੍ਰੋਮੋਸ਼ਨ ਦੇ ਸੰਬੰਧ ਵਿੱਚ ਸਰੀ ਵਿਖੇ ਆਏ ਸਨ। ਉਨ੍ਹਾਂ ਕਿਹਾ ਕਿ ਮੈਂ ਆਪਣੀ ਡਿਊਟੀ ਸਮਝਦਾ ਕਿ ਫਿਲਮ ਵਿਚ ਇੰਟਰਟੇਨਮੈਂਟ ਦੇ ਨਾਲ ਨਾਲ ਕੋਈ ਸਮਾਜਿਕ ਮੁੱਦਾ ਵੀ ਛੋਹਿਆ ਜਾਵੇ। ਮੇਰੀਆ ਜਿੰਨੀਆਂ ਵੀ ਫਿਲਮਾਂ ਹੁਣ ਤੱਕ ਆਈਆਂ ਹਨ ਉਨ੍ਹਾਂ ਵਿਚ ਕਿਸੇ ਨਾ ਕਿਸੇ ਸਮਾਜਿਕ ਪਹਿਲੂ ਨੂੰ ਛੋਹਿਆ ਗਿਆ ਹੈ। ਉਸੇ ਲੜੀ ਦੇ ਵਿੱਚ 'ਬਲੈਕੀਆ' ਫਿਲਮ ਸੀ ਤੇ ਹੁਣ 'ਬਲੈਕੀਆ-2' ਹੈ। ਇਹਦੇ ਵਿੱਚ ਵੀ ਇਹੋ ਜਿਹਾ ਮੁੱਦਾ ਚੁੱਕਿਆ ਗਿਆ ਹੈ ਜਿਹੜਾ ਕਿ ਅੱਜ ਤੱਕ ਲੋਕਾਂ ਨੂੰ ਨਹੀਂ ਪਤਾ। ਇਸ ਫਿਲਮ ਦਾ ਨਾਇਕ ਜੋ ਇੱਕ ਬਲੈਕੀਆ ਹੈ ਪਰ ਉਸ ਰਾਹੀਂ ਇੱਕ ਅਜਿਹਾ ਸੰਦੇਸ਼ ਦੇਣ ਦਾ ਯਤਨ ਕੀਤਾ ਹੈ ਕਿ ਆਉਣ ਵਾਲੀ ਪੀੜ੍ਹੀ ਦੇ ਨਾਮ ਨਾਲੋਂ ਬਲੈਕੀਆ ਸ਼ਬਦ ਹਟਾ ਦਿੱਤਾ ਜਾਵੇ, ਉਹਨਾਂ ਲਈ ਸਕੂਲ ਖੋਲ੍ਹੇ ਜਾਣ, ਹਸਪਤਾਲ ਖੋਲ੍ਹੇ ਜਾਣ, ਉਹ ਬੱਚੇ ਪੜ੍ਹ ਲਿਖ ਕੇ

## 8 ਮਾਰਚ ਨੂੰ ਰਿਲੀਜ਼ ਹੋਵੇਗੀ ਫ਼ਿਲਮ 'ਬਲੈਕੀਆ-2'

ਤਰੱਕੀ ਕਰਨ ਅਤੇ ਵੱਡੇ ਅਫਸਰ ਬਣਨ। ਇਸ ਵਿੱਚ 1970 ਤੋਂ ਲੈ ਕੇ 2024 ਤੱਕ ਸਮੇਂ ਦੌਰਾਨ ਸਰਹੱਦਾਂ ਰਾਹੀਂ ਹੋ ਰਹੇ ਕਾਲੇ ਧੰਦੇ ਦੇ ਚਿੱਟੇ ਰੂਪ ਨੂੰ ਫਿਲਮਾਇਆ ਗਿਆ ਹੈ। ਫਿਲਮ ਦੀ ਸ਼ੂਟਿੰਗ ਰਾਜਸਥਾਨ, ਬੰਬਈ ਅਤੇ ਪੰਜਾਬ ਵਿਚ 50 ਦਿਨਾ ਵਿਚ ਮੁਕੰਮਲ ਹੋਈ ਹੈ। ਇਹ ਫਿਲਮ 8 ਮਾਰਚ ਨੂੰ ਰਿਲੀਜ਼ ਹੋ ਰਹੀ ਹੈ। ਉਨ੍ਹਾਂ ਸਾਰੇ ਮੀਡੀਆ ਕਰਮੀਆਂ ਨੂੰ ਲੋਕਾਂ ਤੀਕ ਉਨ੍ਹਾਂ ਦਾ ਸੁਨੇਹਾ ਪੁਚਾਉਣ ਦੀ ਅਪੀਲ ਕੀਤੀ। ਇਸ ਮੌਕੇ ਪੱਤਰਕਾਰਾਂ ਤੋਂ ਇਲਾਵਾ ਹਰਭਜਨ ਗਿੱਲ, ਬਲਜਿੰਦਰ ਅਟਵਾਲ, ਅੰਮ੍ਰਿਤ ਢੋਟ, ਡਾ. ਹਾਕਮ ਸਿੰਘ ਭੁੱਲਰ ਅਤੇ ਹੋਰ ਕਈ ਪਤੰਵਤੇ ਹਾਜਰ ਸਨ। ਪ੍ਰੈਸ ਕਾਨਫਰੰਸ ਦੇ ਪ੍ਰਬੰਧਕ ਲੱਕੀ ਸੰਧੂ ਅਤੇ ਜੋਤੀ ਸਹੋਤਾ ਵੱਲੋਂ ਪੱਤਰਕਾਰਾਂ ਅਤੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ।




## ਫ਼ਿਲਮ 'ਮਾਈ ਨੇਮ ਇਜ਼ ਖ਼ਾਨ' ਨੂੰ 14 ਸਾਲ ਪੂਰੇ ਹੋਏ

ਮੁੰਬਈ: ਅਦਾਕਾਰ ਸ਼ਾਹਰੁਖ਼ ਖਾਨ ਅਤੇ ਕਾਜੋਲ ਦੀ ਫ਼ਿਲਮ 'ਮਾਈ ਨੇਮ ਇਜ਼ ਖ਼ਾਨ' ਰਿਲੀਜ਼ ਹੋਈ ਨੂੰ ਅੱਜ 14 ਸਾਲ ਹੋ ਗਏ ਹਨ। ਇਸ ਸਬੰਧੀ ਕਾਜੋਲ ਨੇ ਆਪਣੇ ਇੰਸਟਾਗ੍ਰਾਮ 'ਤੇ ਇੱਕ ਪੋਸਟ ਸਾਂਝੀ ਕੀਤੀ ਹੈ। ਕਰਨ ਜੌਹਰ ਵੱਲੋਂ ਬਣਾਈ ਗਈ ਇਹ ਫ਼ਿਲਮ 2010 ਵਿੱਚ ਰਿਲੀਜ਼ ਹੋਈ ਸੀ ਅਤੇ ਇਸ ਨੂੰ ਬਲਾਕਬੱਸਟਰ ਐਲਾਨਿਆ ਗਿਆ ਸੀ। ਫ਼ਿਲਮ ਵਿੱਚ ਸ਼ਾਹਰੁਖ਼ ਦੀ ਅਦਾਕਾਰੀ ਦੀ ਕਾਫ਼ੀ ਸ਼ਲਾਘਾ ਕੀਤੀ ਗਈ ਸੀ। ਇਸ ਵਿੱਚ ਸ਼ਾਹਰੁਖ਼ ਨੇ ਅਮਰੀਕਾ ਵਿੱਚ ਰਿਜ਼ਵਾਨ ਖ਼ਾਨ ਨਾਂ ਦੇ ਇੱਕ ਭਾਰਤੀ ਮੁਸਲਮਾਨ ਦਾ ਕਿਰਦਾਰ ਨਿਭਾਇਆ ਸੀ। ਅਦਾਕਾਰਾ ਕਾਜੋਲ ਨੇ ਸਿੰਗਲ ਮਦਰ ਮੰਦਿਰਾ ਦਾ ਕਿਰਦਾਰ ਨਿਭਾਇਆ ਸੀ ਜੋ ਕਿ ਰਿਜ਼ਵਾਨ ਨਾਲ ਵਿਆਹ ਕਰਵਾਉਂਦੀ ਹੈ। ਨਿਊਯਾਰਕ ਸ਼ਹਿਰ ਵਿੱਚ 11 ਸਤੰਬਰ ਦੇ ਹਮਲਿਆਂ ਮਗਰੋਂ ਉਨ੍ਹਾਂ ਦੀ ਖ਼ੁਸ਼ਹਾਲ ਜ਼ਿੰਦਗੀ ਵਿੱਚ ਉਲਟਫੇਰ ਹੋ ਜਾਂਦਾ ਹੈ। ਇਹ ਫ਼ਿਲਮ ਜਿੱਥੇ ਸ਼ਾਹਰੁਖ਼ ਦੀ ਵਧੀਆ ਅਦਾਕਾਰੀ ਕਰ ਕੇ ਯਾਦ ਕੀਤੀ ਜਾਂਦੀ ਹੈ ਉੱਥੇ ਹੀ ਇਹ 'ਤੇਰਾ ਸਜਦਾ', 'ਤੇਰੇ ਨੈਨਾ' ਅਤੇ 'ਨੂਰ-ਏ-ਖ਼ੁਦਾ' ਵਰਗੇ ਗੀਤਾਂ ਕਰ ਕੇ ਲੋਕਾਂ ਦੇ ਮਨ ਵਿੱਚ ਵੱਸੀ ਹੋਈ ਹੈ। ਸ਼ਾਹਰੁਖ਼ ਅਤੇ ਕਾਜੋਲ ਪਰਦੇ 'ਤੇ ਸਭ ਤੋਂ ਵਧੀਆ ਜੋੜੀਆਂ ਵਿੱਚੋਂ ਇੱਕ ਹਨ। ਉਹ 'ਦਿਲਵਾਲੇ ਦੁਲਹਨੀਆ ਲੈ ਜਾਏਂਗੇ', 'ਕਭੀ ਖ਼ੁਸ਼ੀ ਕਭੀ ਗ਼ਮ', ਦਿਲਵਾਲੇ' ਅਤੇ 'ਕੁਛ ਕੁਛ ਹੋਤਾ ਹੈ' ਜਿਹੀਆਂ ਫ਼ਿਲਮਾਂ ਵਿੱਚ ਇਕੱਠੇ ਕੰਮ ਕਰ ਚੁੱਕੇ ਹਨ। ਇਸ ਦੌਰਾਨ ਸ਼ਾਹਰੁਖ਼ ਖ਼ਾਨ ਨੇ 2023 ਵਿੱਚ ਤਿੰਨ ਹਿੱਟ ਫ਼ਿਲਮਾਂ 'ਪਠਾਨ' (ਜਨਵਰੀ), 'ਜਵਾਨ (ਸਤੰਬਰ), ਅਤੇ 'ਡੰਕੀ' (ਦਸੰਬਰ) ਨਾਲ ਬਾਕਸ ਆਫ਼ਿਸ 'ਤੇ ਰਾਜ ਕੀਤਾ ਹੈ। ਉਸ ਨੇ ਅਜੇ ਆਪਣੀ ਅਗਲੀ ਫ਼ਿਲਮ ਦਾ ਐਲਾਨ ਨਹੀਂ ਕੀਤਾ ਹੈ। ਉੱਧਰ, ਕਾਜੋਲ ਨੇ ਹੁਣੇ ਜਿਹੇ ਆਪਣੀ ਅਗਲੀ ਫ਼ਿਲਮ 'ਦੋ ਪੱਤੀ' ਦੀ ਸ਼ੂਟਿੰਗ ਪੂਰੀ ਕੀਤੀ ਹੈ। ਫ਼ਿਲਮ ਵਿੱਚ ਕ੍ਰਿਤੀ ਸੈਨਨ ਵੀ ਹੈ। 'ਦਿਲਵਾਲੇ' ਮਗਰੋਂ ਕ੍ਰਿਤੀ ਅਤੇ ਕਾਜੋਲ ਦੀ ਇਹ ਦੂਜੀ ਫ਼ਿਲਮ ਹੈ।



# ਮੌਤ ਦਾ ਡਰਾਮਾ ਕਰਨਾ ਪੂਨਮ ਪਾਂਡੇ ਨੂੰ ਪਿਆ ਮਹਿੰਗਾ
## 100 ਕਰੋੜ ਰੁਪਏ ਦਾ ਕੇਸ ਹੋਇਆ ਦਰਜ



ਨਵੀਂ ਦਿੱਲੀ-ਐਕਟ੍ਰੈਸ ਪੂਨਮ ਪਾਂਡੇ ਆਏ ਦਿਨ ਕਿਸੇ ਨਾ ਕਿਸੇ ਕਾਰਨ ਸੁਰਖੀਆਂ ਵਿਚ ਰਹਿੰਦੀ ਹੈ। ਬੀਤੇ ਦਿਨੀਂ ਪੂਨਮ ਪਾਂਡੇ ਨੇ ਜੋ ਕੀਤਾ ਉਸ ਦੇ ਬਾਅਦ ਉਹ ਲੋਕਾਂਦੇ ਗੁੱਸੇ ਦਾ ਸ਼ਿਕਾਰ ਹੋ ਗਈ। ਦਰਅਸਲ ਪੂਨਮ ਨੇ ਖੁਦ ਆਪਣੀ ਮੌਤ ਦੀ ਝੂਠੀ ਖਬਰ ਫੈਲਾਈ ਸੀ। ਜਿਵੇਂ ਹੀ ਉਸ ਦੇ ਦੇਹਾਂਤ ਦੀ ਖਬਰ ਆਈ ਹਰ ਕੋਈ ਹੈਰਾਨ ਸੀ। ਐਕਟ੍ਰੈਸ ਦੀ ਟੀਮ ਨੇ ਇਕ ਪੋਸਟ ਜ਼ਰੀਏ ਲੋਕਾਂ ਨੂੰ ਦੱਸਿਆ ਸੀ ਕਿ ਸਰਵਾਈਕਲ ਕੈਂਸਰ ਕਾਰਨ ਉਸ ਦਾ ਦੇਹਾਂਤ ਹੋ ਗਿਆ ਹੈ। ਹਾਲਾਂਕਿ ਅਗਲੇ ਹੀ ਦਿਨ ਅਚਾਨਕ ਤੋਂ ਉਹ ਜ਼ਿੰਦਾ ਵੀ ਹੋ ਗਈ, ਜਿਸ ਦੇ ਬਾਅਦ ਲੋਕ ਕਾਫੀ ਭੜਕ ਗਏ ਸਨ। ਅਗਲੇ ਦਿਨ ਖੁਦ ਇਕ ਪੋਸਟ ਜ਼ਰੀਏ ਪੂਨਮ ਪਾਂਡੇ ਨੇ ਇਕ ਵੀਡੀਓ ਜ਼ਰੀਏ ਦੱਸਿਆ ਸੀ ਕਿ ਉਹ ਜ਼ਿੰਦਾ ਹੈ ਤੇ ਉਸ ਦੀ ਸਰਵਾਈਕਲ ਕੈਂਸਰ ਨਾਲ ਮੌਤ ਨਹੀਂ ਹੋਈ ਹੈ। ਹਾਲਾਂਕਿ ਉਸ ਦਾ ਇਹ ਵੀ ਕਹਿਣਾ ਸੀ ਕਿ ਉਸ ਨੇ ਲੋਕਾਂ ਵਿਚ ਜਾਗਰੂਕਤਾ ਲਈ ਪਬਲੀਸਿਟੀ ਸਟੰਟ ਕੀਤਾ ਸੀ ਜਿਸ ਦੇ ਬਾਅਦ ਲੋਕ ਕਾਫੀ ਭੜਕ ਗਏ ਸਨ। ਹਾਲਾਂਕਿ ਪੂਨਮ ਪਾਂਡੇ ਦਾ ਇਹ ਵੀ ਕਹਿਣਾ ਸੀ ਕਿ ਉਸ ਨੂੰ ਇਸ ਦਾ ਕੋਈ ਪਛਤਾਵਾ ਨਹੀਂ ਹੈ ਪਰ ਆਪਣੀ ਹੀ ਮੌਤ ਦਾ ਖੇਡ ਹੁਣ ਪੂਨਮ ਪਾਂਡੇ 'ਤੇ ਭਾਰੀ ਪੈਂਦਾ ਹੋਇਆ ਨਜ਼ਰ ਆ ਰਿਹਾ ਹੈ। ਇਸ ਮਾਮਲੇ ਵਿਚ ਪੂਨਮ ਪਾਂਡੇ ਤੇ ਉਨ੍ਹਾਂ ਦੇ ਪਤੀ ਸੈਮ ਮਿਲੀ ਖਿਲਾਫ ਫੈਜਾਨ ਅੰਸਾਰੀ ਨਾਂ ਦੇ ਸ਼ਖਸ ਨੇ ਮੁਕੱਦਮਾ ਦਰਜ ਕਰਵਾਇਆ ਹੈ। ਉਨ੍ਹਾਂ ਨੇ ਪੂਨਮ ਖਿਲਾਫ ਕਾਨਪੁਰ ਪੁਲਿਸ ਵਿਚ FIR ਦਰਜ ਕਰਵਾਈ ਹੈ। ਐਫ. ਆਈ. ਆਰ. ਮੁਤਾਬਕ ਪੂਨਮ ਤੇ ਸੈਮ ਨੇ ਝੂਠੀ ਮੌਤ ਦਾ ਡਰਾਮਾ ਰਚਿਆ। ਕੈਂਸਰ ਵਰਗੀ ਗੰਭੀਰ ਬੀਮਾਰੀ ਦਾ ਮਜ਼ਾਕ ਬਣਾਇਆ ਤੇ ਕਈ ਲੋਕਾਂ ਦੀਆਂ ਭਾਵਨਾਵਾਂ ਖਿਲਾਫ ਖਿਲਵਾੜ ਕੀਤਾ ਹੈ। ਫੈਜਨ ਨੇ ਅਪੀਲ ਕੀਤੀ ਕਿ ਪੂਨਮ ਤੇ ਸੈਮ ਨੂੰ ਗ੍ਰਿਫਤਾਰ ਕੀਤਾ ਜਾਵੇ ਤੇ ਉਨ੍ਹਾਂ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾਵੇ। ਪੂਰੇ ਮਾਮਲੇ ਦੀ ਗੱਲ ਕੀਤੀ ਜਾਵੇ ਤਾਂ 2 ਫਰਵਰੀ ਨੂੰ ਪੂਨਮ ਪਾਂਡੇ ਦੀ ਪੀਆਰ ਟੀਮ ਨੇ ਇਹ ਖਬਰ ਫੈਲਾਈ ਸੀ ਕਿ ਉਨ੍ਹਾਂ ਦਾ ਸਰਵਾਈਕਲ ਕੈਂਸਰ ਨਾਲ ਦੇਹਾਂਤ ਹੋ ਗਿਆ ਹੈ। ਪਰ ਅਗਲੇ ਹੀ ਦਿਨ ਪੂਨਮ ਨੇ ਆਪਣੀ ਝੂਠੀ ਮੌਤ ਦਾ ਖੁਲਾਸਾ ਖੁਦ ਕਰ ਦਿੱਤਾ ਸੀ। ਸੋਸ਼ਲ ਮੀਡੀਆ 'ਤੇ ਪੂਨਮ ਨੂੰ ਕਾਫੀ ਗੱਲਾਂ ਸੁਣਨ ਨੂੰ ਮਿਲੀਆਂ। ਉਸ ਖਿਲਾਫ 100 ਕਰੋੜ ਰੁਪਏ ਦਾ ਮਾਨਹਾਣੀ ਦਾ ਕੇਸ ਦਰਜ ਕੀਤਾ ਗਿਆ ਹੈ।



# ਅਕਸ਼ੈ ਕੁਮਾਰ ਨੇ ਨਵੀਂ ਫਿਲਮ 'ਸਰਫਿਰਾ' ਦਾ ਕੀਤਾ ਐਲਾਨ

ਬਾਲੀਵੁੱਡ ਅਦਾਕਾਰ ਅਕਸ਼ੈ ਕੁਮਾਰ ਬੈਕ ਟੂ ਬੈਕ ਫਿਲਮਾਂ ਕਰਦੇ ਹਨ ਅਤੇ ਇਸ ਕਾਰਨ ਉਹ ਸਾਲ ਵਿੱਚ ਦੋ ਤੋਂ ਤਿੰਨ ਫਿਲਮਾਂ ਰਿਲੀਜ਼ ਕਰਦੇ ਹਨ। ਉਨ੍ਹਾਂ ਦੀ ਪਹਿਲੀ ਫਿਲਮ 'ਸਰਫਿਰਾ' ਇਸ ਸਾਲ ਰਿਲੀਜ਼ ਹੋਵੇਗੀ। ਫਿਲਮ 'ਸਰਫਿਰਾ' ਦੀ ਝਲਕ ਦਿਖਾਉਂਦੇ ਹੋਏ ਅਕਸ਼ੈ ਕੁਮਾਰ ਨੇ ਫਿਲਮ ਦੀ ਰਿਲੀਜ਼ ਡੇਟ ਬਾਰੇ ਵੀ ਦੱਸਿਆ ਹੈ। ਇਸ ਫਿਲਮ ਦੇ ਮੇਕਰਸ ਨਾਲ ਅਕਸ਼ੇ ਪਹਿਲਾਂ ਵੀ ਕਈ ਸ਼ਾਨਦਾਰ ਸੁਪਰਹਿੱਟ ਫਿਲਮਾਂ ਦੇ ਚੁੱਕੇ ਹਨ। ਅਕਸ਼ੈ ਕੁਮਾਰ ਬਾਲੀਵੁੱਡ 'ਚ ਖਿਲਾੜੀ ਦੇ ਨਾਂ ਨਾਲ ਮਸ਼ਹੂਰ ਹਨ। ਉਨ੍ਹਾਂ ਨੇ ਇੰਡਸਟਰੀ ਨੂੰ ਕਈ ਫਿਲਮਾਂ ਦਿੱਤੀਆਂ ਹਨ ਅਤੇ 2024 'ਚ ਅਕਸ਼ੈ ਕਈ ਫਿਲਮਾਂ ਨਾਲ ਵਾਪਸੀ ਕਰਨਗੇ, ਜਿਨ੍ਹਾਂ 'ਚੋਂ ਇਕ ਫਿਲਮ 'ਸਰਫੀਰਾ' ਹੈ। ਅਕਸ਼ੈ ਕੁਮਾਰ ਨੇ ਆਪਣੀ ਫਿਲਮ ਸਰਫੀਰਾ ਦੀ ਝਲਕ ਇੰਸਟਾਗ੍ਰਾਮ 'ਤੇ ਸ਼ੇਅਰ ਕੀਤੀ ਹੈ। ਇਸ ਫਿਲਮ ਦੀ ਝਲਕ ਸ਼ੇਅਰ ਕਰਦੇ ਹੋਏ ਉਨ੍ਹਾਂ ਨੇ ਲਿਖਿਆ, 'ਜੇ ਸੁਪਨੇ ਵੱਡੇ ਹੋਣ ਤਾਂ ਉਨ੍ਹਾਂ ਨੂੰ ਪਾਗਲਪਨ ਕਿਹਾ ਜਾਂਦਾ ਹੈ। ਸਰਫੀਰਾ 12 ਜੁਲਾਈ 2024 ਨੂੰ ਸਿਨੇਮਾਘਰਾਂ ਵਿੱਚ ਰਿਲੀਜ਼ ਹੋ ਰਹੀ ਹੈ। ਇਸ ਫਿਲਮ 'ਚ ਉਨ੍ਹਾਂ ਦੇ ਨਾਲ ਰਸ਼ਮਿਕਾ ਮੰਡਾਨਾ ਨਜ਼ਰ ਆਵੇਗੀ। ਫਿਲਮ ਸਰਫੀਰਾ ਨੂੰ ਅਰੁਣਾ ਭਾਟੀਆ, ਜੋਤਿਕਾ, ਸੂਰਿਆ ਅਤੇ ਵਿਕਰਮ ਮਲਹੋਤਰਾ ਨੇ ਪ੍ਰੋਡਿਊਸ ਕੀਤਾ ਹੈ। ਇਹ ਫਿਲਮ ਸਰਫੀਰਾ ਸੂਰਰਾਏ ਪੋਟਾਰੂ ਦੀ ਹਿੰਦੀ ਰੀਮੇਕ ਹੈ। ਸੂਰਿਆ ਉਸ ਫਿਲਮ ਵਿੱਚ ਮੁੱਖ ਭੂਮਿਕਾ ਵਿੱਚ ਸੀ ਅਤੇ ਹੁਣ ਉਹ ਇਸਦਾ ਹਿੰਦੀ ਰੀਮੇਕ ਬਣਾ ਰਿਹਾ ਹੈ। ਇਸ ਫਿਲਮ ਦਾ ਨਿਰਦੇਸ਼ਨ ਸੁਧਾ ਕਾਂਗਾਰਾ ਕਰ ਰਹੀ ਹੈ ਜੋ ਨੈਸ਼ਨਲ ਐਵਾਰਡ ਜੇਤੂ ਹੈ। ਸੁਧਾ ਕਾਂਗਰਾ ਨੇ ਏਅਰਲਿਫਟ, ਬੇਬੀ, ਟਾਇਲਟ ਏਕ ਪ੍ਰੇਮ ਕਥਾ, ਜੈ ਭੀਮ ਵਰਗੀਆਂ ਫਿਲਮਾਂ ਬਣਾਈਆਂ ਹਨ। ਇਨ੍ਹਾਂ ਸਾਰੀਆਂ ਫਿਲਮਾਂ 'ਚ ਸਿਰਫ ਅਕਸ਼ੈ ਕੁਮਾਰ ਹੀ ਨਜ਼ਰ ਆਏ ਜੋ ਸੁਪਰਹਿੱਟ ਰਹੀਆਂ। ਫਿਲਮ 'ਸਰਫੀਰਾ' 'ਚ ਅਕਸ਼ੇ ਕੁਮਾਰ ਅਤੇ ਰਸ਼ਮਿਕਾ ਮੰਡਾਨਾ ਦਾ ਰੋਮਾਂਸ ਦੇਖਣ ਨੂੰ ਮਿਲੇਗਾ। ਜੇਕਰ ਅਕਸ਼ੈ ਕੁਮਾਰ ਦੇ ਫਿਲਮੀ ਕਰੀਅਰ ਦੀ ਗੱਲ ਕਰੀਏ ਤਾਂ 2021 ਤੋਂ 2023 ਤੱਕ ਅਕਸ਼ੈ ਦੀਆਂ ਕੁਝ ਹੀ ਫਿਲਮਾਂ ਸਫਲ ਰਹੀਆਂ ਅਤੇ ਜ਼ਿਆਦਾਤਰ ਫਲਾਪ ਰਹੀਆਂ। ਅਕਸ਼ੈ ਦੀ ਫਿਲਮ ਓ.ਐਮ.ਜੀ-2 ਸਾਲ 2023 ਵਿੱਚ ਰਿਲੀਜ਼ ਹੋਈ ਸੀ ਜੋ ਸਫਲ ਰਹੀ ਸੀ। ਹੁਣ ਇਸ ਸਾਲ ਅਕਸ਼ੈ ਦੀ ਫਿਲਮ 12 ਜੁਲਾਈ 2024 ਨੂੰ ਰਿਲੀਜ਼ ਹੋਵੇਗੀ, ਹਾਲਾਂਕਿ ਇਸ ਤੋਂ ਪਹਿਲਾਂ ਵੀ ਅਕਸ਼ੇ ਦੀ ਫਿਲਮ ਬੜੇ ਮੀਆਂ, ਛੋਟੇ ਮੀਆਂ ਈਦ 2024 ਨੂੰ ਰਿਲੀਜ਼ ਹੋਵੇਗੀ।






# ਸਤਿਕਾਰ ਕਮੇਟੀ ਐਬਸਫੋਰਡ ਵੱਲੋਂ ਤਖਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕ ਕਮੇਟੀ ਐਕਟ ਵਿੱਚ ਸੋਧ ਕਰਨ ਦੀ ਨਿਖੇਧੀ

## ਹਰਿਆਣਾ ਪੁਲਿਸ ਵੱਲੋਂ ਖਨੌਰੀ ਤੇ ਸ਼ੰਭੂ ਬਾਰਡਰ ਕਿਸਾਨਾਂ ਉੱਪਰ ਅਥਰੂ ਗੈਸ, ਗੋਲੀਆਂ ਚਲਾਉਣ ਦੀ ਸਖਤ ਨਿੰਦਿਆ

ਸਤਿਕਾਰ ਕਮੇਟੀ ਐਬਸਫੋਰਡ (ਕਨੇਡਾ) ਮਹਾਰਾਸ਼ਟਰ ਸਰਕਾਰ ਵੱਲੋਂ ਤਖਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕ ਕਮੇਟੀ ਐਕਟ ਵਿੱਚ ਸਿੱਖ ਵਿਰੋਧੀ ਸੋਧ ਕਰਨ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦੀ ਹੈ। ਸਿੱਖ ਕਿਸੇ ਵੀ ਕਿਸੇ ਕੀਮਤ ਤੇ ਅਜਿਹਾ ਨਹੀਂ ਹੋਣ ਦੇਣਗੇ। ਮਹਾਰਾਸ਼ਟਰ ਸਰਕਾਰ ਵੱਲੋਂ ਤਖਤ ਸ੍ਰੀ ਹਜ਼ੂਰ ਸਾਹਿਬ ਦੀ ਪ੍ਰਬੰਧਕ ਕਮੇਟੀ ਐਕਟ ਵਿੱਚ ਸੋਧ ਕਰਕੇ ਸਿੱਖ ਕੌਮ ਨੂੰ ਜ਼ਲੀਲ ਕਰਨ, ਗੁਰਦੁਆਰਾ ਸਾਹਿਬ ਤੇ ਕਬਜ਼ਾ ਕਰਨ ਦੇ ਮਨਸੂਬੇ ਅਤਿ ਨਿੰਦਨਯੋਗ ਹਨ। ਦੇਸ਼ਾਂ - ਵਿਦੇਸ਼ਾਂ ਦੇ ਸਿੱਖ, ਪੰਜਾਬੀ ਇਸ ਨੂੰ ਕਦਾਚਿਤ ਬਰਦਾਸ਼ਤ ਨਹੀਂ ਕਰਨਗੇ। ਮਹਾਂਰਾਸ਼ਟਰ ਸਰਕਾਰ ਇਸ ਨੂੰ ਤੁਰੰਤ ਵਾਪਸ ਲਵੇ ਨਹੀਂ ਤਾਂ ਸਿੱਖ ਪੰਥ ਅਦਾਲਤ ਦਾ ਬੂਹਾ ਖੜਕਾਵੇਗਾ। ਸ਼੍ਰੋਮਣੀ ਕਮੇਟੀ, ਅਕਾਲੀ ਦਲ ਅਤੇ ਪੰਜਾਬ ਸਰਕਾਰ ਅੱਖਾਂ ਖੋਲ੍ਹ ਕੇ ਧਿਆਨ ਦੇਣ ਕਿ ਸਾਡੀ ਇਹ ਪਰਖ ਦੀ ਘੜੀ ਹੈ। ਕਨੇਡਾ ਤੇ ਹੋਰ ਬਾਹਰਲੇ ਦੇਸ਼ਾਂ ਦੀਆਂ ਗੁਰਦੁਆਰਾ ਸਾਹਿਬਾਨ ਦੀਆਂ ਕਮੇਟੀਆਂ ਵੀ ਮਤੇ ਪਾ ਕੇ ਭੇਜਣ।

ਸਤਿਕਾਰ ਕਮੇਟੀ ਕਨੇਡਾ ਹਰਿਆਣਾ ਸਰਕਾਰ ਤੇ ਪੁਲਿਸ ਵੱਲੋਂ ਖਨੌਰੀ ਤੇ ਸ਼ੰਭੂ ਬਾਰਡਰ ਉੱਪਰ ਰੋਕਾਂ ਲਾ ਕੇ ਅੱਥਰੂ ਗੈਸ, ਗੋਲੀਆਂ ਚਲਾਉਣ ਦੀ ਵੀ ਸਖਤ ਨਿਖੇਧੀ ਕਰਦੀ ਹੈ। ਇਸ ਕਾਰਵਾਈ ਵਿਰੁੱਧ ਵਿਦੇਸ਼ਾਂ ਵਿਚ ਬੈਠੇ ਪੰਜਾਬੀ ਪਾਰਕਾਂ, ਗੁਰੂ ਘਰਾਂ ਅਤੇ ਹੋਰ ਸਮਾਜਿਕ ਸੰਸਥਾਵਾਂ ਵਿਚ ਇਕੱਠ ਹੋ ਕੇ ਬੜੀ ਗੰਭੀਰਤਾ ਨਾਲ ਵਿਚਾਰ ਕਰ ਰਹੇ ਹਨ ਅਤੇ ਸਹਿਯੋਗ ਦੇਣ ਲਈ ਪ੍ਰਣ ਕਰ ਰਹੇ ਹਨ। ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀਆਂ ਨੇ ਕਿਸਾਨ ਜਥੇਬੰਦੀਆਂ ਦੇ 2020 ਦੇ ਪਿਛਲੇ ਘੋਲ ਵਾਂਗ ਇਸ ਵਾਰ ਵੀ ਮਦਦ ਕਰਨ ਦਾ ਨਿਸ਼ਚਾ ਕੀਤਾ ਹੈ। ਸਤਿਕਾਰ ਕਮੇਟੀ ਮੋਦੀ ਸਰਕਾਰ ਨੂੰ ਵਾਰਨਿੰਗ ਦਿੰਦੀ ਹੈ ਕਿ ਦੋ ਸਾਲ ਪਹਿਲਾਂ ਮੋਦੀ ਸਰਕਾਰ ਨੇ ਗੋਡੇ ਟੇਕ ਕੇ ਕਿਸਾਨਾਂ ਦੀਆਂ ਮੰਗਾਂ ਪੂਰੀਆਂ ਕਰਨ ਦਾ ਐਲਾਨ ਕੀਤਾ ਸੀ ਅਤੇ ਕਿਸਾਨਾਂ ਦੀਆਂ ਸਾਰੀਆਂ ਮੰਗਾਂ ਕਿਸਾਨਾਂ ਦੇ ਸਹਿਯੋਗ ਨਾਲ ਕਮੇਟੀ ਬਣਾ ਕੇ ਹੱਲ ਕਰਨ ਦਾ ਵਚਨ ਦਿੱਤਾ ਸੀ ਪ੍ਰੰਤੂ ਬਾਅਦ ਵਿੱਚ ਕਿਸਾਨਾਂ ਦੀ ਕੋਈ ਗੱਲ ਨਹੀਂ ਸੁਣੀ ਸਗੋਂ ਕਿਸਾਨ ਜਥੇਬੰਦੀਆਂ ਦੀਆਂ ਮੀਟਿੰਗਾਂ ਕਰਕੇ ਖੁਆਰ ਕਰਦੇ ਰਹੇ। ਹੁਣ ਵੀ ਇੱਕ ਪਾਸੇ ਮੀਟਿੰਗਾਂ ਕਰ ਰਹੇ ਹਨ ਤੇ ਦੂਜੇ ਪਾਸੇ ਗੋਲੀਆਂ, ਡਾਂਗਾਂ ਤੇ ਅੱਥਰੂ ਗੈਸਾਂ ਨਾਲ ਪੰਜਾਬ ਦੀ ਹੱਦ ਵਿੱਚ ਬੈਠੇ ਕਿਸਾਨਾਂ ਤੇ ਤਸ਼ੱਦਦ ਕਰ ਰਹੇ ਹਨ। ਕਿਸਾਨ ਸਰਕਾਰੀ ਜਬਰ ਅੱਗੇ ਕਿਸੇ ਕੀਮਤ ਤੇ ਨਹੀਂ ਝੁਕਣਗੇ ਅਤੇ ਆਪਣੇ ਹੱਕ ਲੈ ਕੇ ਰਹਿਣਗੇ।

ਸਤਿਕਾਰ ਕਮੇਟੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਵੀ ਅਪੀਲ ਕਰਦੀ ਹੈ ਕਿ ਹਰਿਆਣਾ ਸਰਕਾਰ, ਹਰਿਆਣਾ ਦੇ ਡੀਜੀਪੀ ਅਤੇ ਪੁਲਿਸ ਅਫਸਰਾਂ ਵਿਰੁੱਧ ਐਫਆਈਆਰ ਦਰਜ ਕਰਵਾ ਕੇ ਕੇਸ ਕਰਵਾਉਣ। ਜਿਹੜੀਆਂ ਕਿਸਾਨ ਜਥੇਬੰਦੀਆਂ ਇਸ ਸੰਘਰਸ਼ ਵਿਚ ਕਿਸਾਨਾਂ ਨਾਲ ਬਾਰਡਰ ਤੇ ਨਹੀਂ ਗਈਆਂ ਸਤਿਕਾਰ ਕਮੇਟੀ ਉਹਨਾਂ ਨੂੰ ਵੀ ਬੇਨਤੀ ਕਰਦੀ ਹੈ ਕਿ ਉਹ ਵੀ ਕਿਸਾਨ ਭਰਾਵਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਅਗਵਾਈ ਕਰਨ ਤਾਂ ਕਿ ਹਰਿਆਣਾ ਮੁੱਖ ਮੰਤਰੀ ਖੱਟੜ ਅਤੇ ਮੋਦੀ ਦੀ ਧੌਣ ਵਿੱਚ ਅੜਿਆ ਕਿੱਲ ਕੱਢ ਕੇ ਕਿਸਾਨਾਂ ਨੂੰ ਬਣਦੇ ਹੱਕ ਦੁਆਏ ਜਾਣ।


ਭਾਈ ਕੁਲਦੀਪ ਸਿੰਘ ਕੈਨੇਡਾ


ਭਾਈ ਰੇਸ਼ਮ ਸਿੰਘ ਖੁਖਰਾਣਾ


ਭਾਈ ਜਸਵਿੰਦਰ ਸਿੰਘ ਜੋਗੇਵਾਲਾ


ਭਾਈ ਵੀਰ ਸਿੰਘ ਕੈਨੇਡਾ

**ਵੱਲੋਂ-**

ਸਤਿਕਾਰ ਕਮੇਟੀ ਐਬਸਫੋਰਡ (ਕਨੇਡਾ) ਦੇ ਸੇਵਾਦਾਰ ਭਾਈ ਬਲਵਿੰਦਰ ਸਿੰਘ ਸਰਪੰਚ ਕਨੇਡਾ, ਭਾਈ ਦਰਬਾਰ ਸਿੰਘ ਐਬਸਫੋਰਡ, ਕੁਲਦੀਪ ਸਿੰਘ ਬੁਲਾਰਾ ਸਤਿਕਾਰ ਕਮੇਟੀ , ਭਾਈ ਚਰਨ ਸਿੰਘ ਚੀਮਾ, ਭਾਈ ਦਾਰਾ ਸਿੰਘ ਕਨੇਡਾ, ਭਾਈ ਹਰਨੇਕ ਸਿੰਘ ਧਰਮਕੋਟ, ਭਾਈ ਰੇਸ਼ਮ ਸਿੰਘ ਖੁਖਰਾਣਾ, ਗਿਆਨੀ ਭਾਈ ਜਸਵਿੰਦਰ ਸਿੰਘ ਜੋਗੇਵਾਲ, ਕਰਤਾਰ ਸਿੰਘ ਧਰਮਕੋਟ, ਹਰੀ ਸਿੰਘ ਮਾਨ ਕਨੇਡਾ, ਭੁਪਿੰਦਰਜੀਤ ਸਿੰਘ ਕਨੇਡਾ, ਭਾਈ ਗੁਰਦੀਪ ਸਿੰਘ ਕਨੇਡਾ, ਬਲਵਿੰਦਰ ਸਿੰਘ, ਗੁਰਦਰਸ਼ਨ ਸਿੰਘ ਢਿੱਲੋਂ, ਕਿਰਨਜੋਤ ਸਿੰਘ, ਤਕਦੀਰ ਸਿੰਘ ਕਨੇਡਾ, ਜਗਮੋਹਨ ਸਿੰਘ ਕਨੇਡਾ, ਬਲਵਿੰਦਰ ਸਿੰਘ ਕਨੇਡਾ, ਪ੍ਰਭਜੀਤ ਸਿੰਘ, ਮਿਹਰ ਸਿੰਘ ਕਨੇਡਾ, ਬਲਵਿੰਦਰ ਸਿੰਘ ਸਿੰਘਪੁਰਾ, ਗੁਰਮੇਲ ਸਿੰਘ ਕਨੇਡਾ, ਹਰਬੰਸ ਸਿੰਘ ਕਨੇਡਾ, ਭਾਈ ਮਲਕੀਤ ਸਿੰਘ ਸ਼ੇਕਰ ਕਨੇਡਾ, ਗੁਰਮੀਤ ਸਿੰਘ ਢਿੱਲੋਂ ਕਨੇਡਾ, ਜਰਨੈਲ ਸਿੰਘ ਕਨੇਡਾ, ਅਵਤਾਰ ਸਿੰਘ ਕਨੇਡਾ, ਪ੍ਰੀਤਮ ਸਿੰਘ ਕਨੇਡਾ, ਬਹਾਦਰ ਸਿੰਘ ਮੱਲ੍ਹੀ ਕਨੇਡਾ, ਸੂਬਾ ਸਿੰਘ ਕਨੇਡਾ, ਮੇਜਰ ਸਿੰਘ ਤੂਰ, ਕਨੇਡਾ ਬਲਕਾਰ ਸਿੰਘ ਕਨੇਡਾ, ਬਹਾਦਰ ਸਿੰਘ ਐਬਸਫੋਰਡ ਕਨੇਡਾ, ਭਾਈ ਭਗਵੰਤ ਸਿੰਘ ਕਨੇਡਾ, ਮੁਖਤਿਆਰ ਸਿੰਘ ਸਰਪੰਚ, ਰੂਪ ਸਿੰਘ ਸਰਪੰਚ, ਪ੍ਰੀਤਮ ਸਿੰਘ ਅਮਰੀਕਾ, ਜਗਜੀਤ ਸਿੰਘ ਚਾਹਲ ਕਨੇਡਾ, ਜਗਤਾਰ ਸਿੰਘ ਸਿੱਧੂ ਕਨੇਡਾ, ਗੁਰਦੇਵ ਸਿੰਘ ਕਨੇਡਾ, ਸੁਖਦੇਵ ਸਿੰਘ ਕਨੇਡਾ।

ਜਾਰੀ ਕਰਤਾ - ਸਤਿਕਾਰ ਕਮੇਟੀ ਐਬਸਫੋਰਡ (ਕਨੇਡਾ)

# TRANSource FREIGHTWAYS

## ਕੰਮ ਲਈ Drivers and Owner Operators ਚਾਹੀਦੇ ਹਨ।

## ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ



ਟਰਾਂਸ ਸੋਰਸ ਨਾਲ ਸਾਰਾ ਦਿਨ ਕੰਮ ਕਰਕੇ ਤੁਸੀਂ ਸ਼ਾਮ ਨੂੰ ਆਪਣੇ ਪਰਿਵਾਰ ਅਤੇ ਬਚਿਆਂ ਨਾਲ ਕੀਮਤੀ ਸਮਾਂ ਬਿਤਾ ਸਕਦੇ ਹੋ।




BC - ALBERTA
ALBERTA - BC

Fuel and Insurance Paid by Company
NO DEDUCTIONS!!

ਸਾਡੀ ਕੰਪਨੀ ਓਨਰ ਓਪਰੇਟਰਾਂ ਨੂੰ ਲੋਕਲ ਅਤੇ ਹਾਈਵੇਅ ਰੂਟਾਂ ਵਾਸਤੇ ਹਾਇਰ ਕਰ ਰਹੀ ਹੈ

## ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

**SUKHBIR SINGH:604-525-0527 Ext 112**

ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ

**ਸ਼ਨੀਵਾਰ: 604-808-9805**

Email:safety@transourcefreightways.com


fruiticana hee jaana!
LONG WEEKEND SPECIALS
LOWEST PRICES IN TOWN
UNBEATABLE EXTRA SUPER SPECIAL
Rapini (Sarson da Saag)
ਸਰਸੋਂ ਦਾ ਸਾਗ
$2.88 bunch
EXTRA SUPER SUPER SPECIAL
Jumbo Size Cauliflower
ਵੱਡਾ ਗੋਬੀ ਦਾ ਫੁੱਲ
$2.99 ea.
Roasted Peanuts in Shell
ਭੁੱਜੀ ਮੂੰਗਫਲੀ
$1.88 lb
SUPER SPECIAL
Roma Tomatoes
ਰੋਮਾ ਟਮਾਟਰ
98¢ lb
SUPER SPECIAL
Fresh Ginger
ਤਾਜ਼ਾ ਅਦਰਕ
$1.88 lb
SUPER SPECIAL
Pink Lady Apples
ਗੁਲਾਬੀ ਲੇਡੀ ਸੇਬ
79¢ lb
Swarna Chakki Atta 20 lbs
ਸਵਰਨਾ ਚੱਕੀ ਆਟਾ
$14.99 bag
Gala Apples US #1
ਗਾਲਾ ਸੇਬ ਯੂ.ਐਸ. #੧
$1.29 lb
SUPER SPECIAL
Fresh Garlic
ਤਾਜਾ ਲਸਣ
99¢ lb
SUPER SPECIAL
Cilantro
ਧਣੀਆ
2 bunches for 99¢
SUPER SPECIAL
Fine Cane Sugar (Indican) 4 lbs
ਗੰਨੇ ਦੀ ਖੰਡ 4lbs
$4.99 bag
Mazola Corn Oil 2.84 L
ਮਜ਼ੋਲਾ ਮੱਕੀ ਦਾ ਤੇਲ 2.84 ਲੀਟਰ
$12.99 ea.
Long English Cucumber
ਲੰਬੇ ਇੰਗਲਿਸ਼ ਖੀਰੇ
2 for $1.50
Punjabi Shakkar (Indican) 2 lbs
ਪੰਜਾਬੀ ਸ਼ੱਕਰ ਇੰਡੀਕੈਂਨ 2lbs ਜਾਰ
$3.99 jar
Seviyan Egg-Free 300 g
ਸੇਵੀਆਂ ਐਗਫ੍ਰੀ 300 ਗ੍ਰਾਮ
2 Packs for $2.99
Long Eggplants
ਲੰਬੇ ਬਤਾਊਂ
$1.49 lb
Red Lentil Whole, Red Lentil Split & Black Chana 4 lbs (Indican)
ਧੋਤੀ ਮਸਰਾਂ ਦੀ ਦਾਲ ਮਸਰਾ ਦੀ ਸਾਬਤ ਦਾਲ, ਕਾਲੇ ਛੋਲੇ (ਇੰਡੀਕੈਂਨ)
$3.98 bag
Yellow Onions 50 lbs USA #1
ਪੀਲੇ ਗੰਢੇ ਯੂ.ਐਸ. #੧
$20.98 bag
Indian Eggplants
ਦੇਸੀ ਬਤਾਊਂ
$1.79 lb
Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #੧
88¢ lb
Large Seedless Oranges
ਵੱਡੇ ਸੰਤਰੇ (ਬਿਨਾ ਬੀਜ ਤੋਂ)
99¢ lb
Red Lentil Whole
ਮਸਰਾ ਦੀ ਸਾਬਤ ਦਾਲ
88¢ lb
Red Lentil Split
ਧੋਤੀ ਮਸਰਾਂ ਦੀ ਦਾਲ
88¢ lb
Spinach
ਪਾਲਕ
$1.69 bunch
Green Cabbage
ਹਰੀ ਬੰਦ ਗੋਬੀ
69¢ lb
Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.98 bag
Opo Squash (Long)
ਓਪੋ ਕੱਦੂ
88¢ lb
Almond Oil 1 L (Indican)
ਇੰਡੀਕੈਂਨ ਬਦਾਮ ਦਾ ਤੇਲ
$12.99 bottle
Thur Feb 15, 2024 - Wed Feb 21, 2024
We reserve the right to limit the quantities while they last
Specials valid for Lower Mainland only
Product images may differ from the actual product.
23 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005
fruiticana SINCE 1994
BUSINESS HOURS 9 AM - 8 PM 7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. --------------- 236-317-6272
Surrey ----------- 12990 72nd Ave. ------------ 604-503-5510
Surrey ----------- 12788 76A Ave. Surrey ----- 604-597-1676
Surrey ----------- 16788 64 Ave. --------------- 604-372-2023
Surrey ----------- 101-7228 192St. ------------- 604-575-3750
New Westminster 101-331 6th St. ------------- 604-395-3595
Abbotsford------ 2785 Bourquin Crescent W. 604-744-0328
Abbotsford------ 31205 Maclure Rd. ---------- 604-504-5877
Port Coquitlam 2807 Shaughnessy St.------ 604-464-0822
Vancouver ------- 6257 Fraser St. -------------- 604-321-9931
Richmond-------- 4101 No.5 Rd.---------------- 604-244-9520